
# ਸੌਖੀ ਪੰਜਾਬੀ

# PANJABI

## MADE EASY

## BOOK 3



J.S. NAGRA

# PANJABI
# MADE EASY

## Book III

# ਸੌਖੀ ਪੰਜਾਬੀ

SIKHBOOKCLUB.COM

## ਭਾਗ ਤੀਜਾ

*By*

**Dr. J.S. NAGRA** M.A; M.Ed; Ph.D.

*Inspector of Schools (Retd.)*

*Published by :* **NAGRA PUBLICATIONS**
399 Ansty Road, Coventry CV2 3BQ, UK
Tel & Fax : 02476 617314
E-mail : js.nagra@ntlworld.com
Website : www.nagrapublications.co.uk

All rights reserved with the author. No part of this publication may be reproduced, stored in a retrieval system, transmitted in any form or by any means, electrical, mechanical, photocopying, recording or otherwise, without the prior permission of the copyright owner.

**ISBN 978 1 870383 00 4**

1st Edition : March 1987.
Revised Edition : September 1988.
Reprinted : January 1990, January 1995, January 2000, July 2002, July 2010, January 2012.

*This book is also available from :*

SIKHBOOKCLUB.COM

1. THE SIKH MISSIONARY SOCIETY UK
   10 Featherstone Road, Southall, Middlesex
   UB2 5AA, Tel : 0208 574 1902
2. DTF ASIAN PUBLISHERS AND DISTRIBUTORS
   117 Soho Road, Handsworth, Birmingham
   B21 9ST, Tel : 0121 515 1183
3. GARDNERS BOOKS LTD.
   1 Whittle Drive, Willington Drove, Eastbourne, East Sussex,
   BN 23 6 QH Tel : 01323 521555
4. GURMAT PARCHAR
   21 Brook Road, Northfleet, Gravesend, Kent,
   DA11 8RQ. Tel : 01474 326428
5. JAYSONS
   267 Soho Road, Handsworth, Birmingham,
   B21 9SA, Tel : 0121 554 3384

# INTRODUCTION

This book is the third one in the 'Panjabi Made Easy' series. It is designed for those learners who have started to use the systematic level of learning as used by the author of this series.

Student preparing for G.C.S.E. examination will find it extremely useful whereas other learners will benefit from its organised presentation of Panjabi words and relatively complex structures of sentences as they progress through the book.

Questions at the end of each lesson are designed for the learner to monitor his/her own progress. Ample Panjabi vocabulary with English translation is provided at the end.

**J.S. Nagra**
Author

SIKHBOOKCLUB.COM

SIKHBOOKCLUB.COM

# ਪਾਠ ਸੂਚੀ


| ਨੰ: | ਪਾਠ | ਪੰਨਾ |
|---|---|---|
| 1. | ਰਸਬੀਰ | 7 |
| 2. | ਸੂਜ਼ਨ ਦੀ ਮੰਮੀ ਰਸੋਈ ਵਿੱਚ | 11 |
| 3. | ਮਿਸਿਜ਼ ਜੌਨਜ਼ | 15 |
| 4. | ਮਿਸਿਜ਼ ਜੌਨਜ਼ ਬਜ਼ਾਰ ਵਿੱਚ | 19 |
| 5. | ਜਸਵੀਰ | 23 |
| 6. | ਸਰੀਰ ਦੇ ਅੰਗ | 25 |
| 7. | ਲਾਲਚੀ ਕੁੱਤਾ | 31 |
| 8. | ਡਾਕੀਆ | 37 |
| 9. | ਗੁਰਦਵਾਰਾ | 40 |
| 10. | ਚੂਹਿਆਂ ਦੀ ਮੀਟਿੰਗ | 47 |
| 11. | ਕਮਲਜੀਤ ਦਾ ਸਾਈਕਲ | 52 |
| 12. | ਸ਼ੇਰ ਅਤੇ ਚੂਹੀ | 58 |
| 13. | ਗਰਮੀਆਂ ਦੀ ਰੁੱਤ | 65 |
| 14. | ਕੁਲਬੀਰ ਅਤੇ ਸੰਦੀਸ਼ | 71 |


SIKHBOOKCLUB.COM


"BOOKS!"

# ਰਸਬੀਰ

ਰਸਬੀਰ ਇੱਕ ਚੰਗਾ ਮੁੰਡਾ ਹੈ। ਉਹ ਸਦਾ ਆਪਣੇ ਮਾਤਾ ਪਿਤਾ ਦਾ ਕਹਿਣਾ ਮੰਨਦਾ ਹੈ। ਪੜ੍ਹਾਈ ਵਿੱਚ ਉਹ ਬਹੁਤ ਦਿਲਚਸਪੀ ਰੱਖਦਾ ਹੈ।

ਉਹ ਆਪਣੇ ਕਮਰੇ ਵਿੱਚ ਇੱਕ ਕੁਰਸੀ ਉੱਤੇ ਬੈਠਾ ਹੈ। ਉਹ ਕਿਤਾਬ ਪੜ੍ਹ ਰਿਹਾ ਹੈ। ਉਸ ਦੇ ਕਮਰੇ ਵਿੱਚ ਇੱਕ ਮੇਜ਼ ਹੈ। ਮੇਜ਼ ਉੱਤੇ ਕੁਝ ਕਿਤਾਬਾਂ ਹਨ। ਉਸ ਦਾ ਬੈਗ ਉਸ ਦੇ ਕੋਲ ਪਿਆ ਹੈ। ਬੈਗ ਵਿੱਚ ਉਸ ਦੀਆਂ ਕਿਤਾਬਾਂ ਅਤੇ ਬਾਕੀ ਚੀਜ਼ਾਂ ਹਨ। ਉਸ ਦੇ ਕਮਰੇ ਵਿੱਚ ਇੱਕ ਕਲਾਕ ਅਤੇ ਕਈ ਹੋਰ ਚੀਜ਼ਾਂ ਹਨ।

ਉਹ ਸਕੂਲ ਤੋਂ ਕਦੇ ਗ਼ੈਰਹਾਜ਼ਰ ਨਹੀਂ ਹੁੰਦਾ। ਉਹ ਸਦਾ ਚੰਗੇ ਬੱਚਿਆਂ ਦੀ ਸੰਗਤ ਕਰਦਾ ਹੈ। ਸਕੂਲ ਤੋਂ ਵਾਪਸ ਆ ਕੇ ਦੋ ਤਿੰਨ ਘੰਟੇ ਹਰ ਰੋਜ਼ ਪੜ੍ਹਾਈ ਕਰਦਾ ਹੈ। ਕਿਸੇ ਨਾਲ ਵੀ ਲੜਾਈ ਨਹੀਂ ਕਰਦਾ।

ਇਸੇ ਕਰਕੇ ਸਾਰੇ ਉਸ ਨੂੰ ਪਸੰਦ ਕਰਦੇ ਹਨ।

## ਅਭਿਆਸ (Exercise)

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੂਰੇ ਵਾਕਾਂ ਵਿੱਚ ਦਿਓ :

1. ਰਸਬੀਰ ਕੀ ਕਰਦਾ ਹੈ ?

   1) ਸਾਈਕਲ ਚਲਾਉਂਦਾ ਹੈ।

   2) ਫੁਟਬਾਲ ਖੇਡਦਾ ਹੈ।

   3) ਕਿਤਾਬ ਪੜ੍ਹਦਾ ਹੈ।

2. ਰਸਬੀਰ ਦੇ ਹੱਥ ਵਿੱਚ ਕੀ ਹੈ ?

   1) ਪੈਨ ਹੈ।

   2) ਕਿਤਾਬ ਹੈ।

   3) ਰੁਮਾਲ ਹੈ।

3. ਰਸਬੀਰ ਦਾ ਬੈਗ ਕਿੱਥੇ ਹੈ ?

   1) ਮੇਜ਼ ਉੱਤੇ ਹੈ।

   2) ਹੱਥ ਵਿੱਚ ਹੈ।

   3) ਕੋਲ ਪਿਆ ਹੈ।

4. ਸਕੂਲ ਤੋਂ ਵਾਪਸ ਆ ਕੇ ਰਸਬੀਰ ਕੀ ਕਰਦਾ ਹੈ ?

   1) ਖਾਣਾ ਖਾਂਦਾ ਹੈ।

   2) ਪੜ੍ਹਾਈ ਕਰਦਾ ਹੈ।

   3) ਫੁਟਬਾਲ ਖੇਡਦਾ ਹੈ।

5. ਰਸਬੀਰ ਬਾਰੇ ਕੋਈ ਚਾਰ ਗੱਲਾਂ ਲਿਖੋ।

SIKHBOOKCLUB.COM

**Answer the following questions in English :**

1. Where is Rasbir sitting ?
2. What is he doing ?
3. What is on the table ?
4. What is in the bag ?
5. What does he do after coming back from school ?
6. Why does everybody like him ?
7. Write any four things about Rasbir.

SIKHBOOKCLUB.COM



# ਸੂਜ਼ਨ ਦੀ ਮੰਮੀ ਰਸੋਈ ਵਿੱਚ

ਸੂਜ਼ਨ ਦੀ ਮੰਮੀ ਰਸੋਈ ਵਿੱਚ ਹੈ। ਉਹ ਰਸੋਈ ਨੂੰ ਸਾਫ਼ ਸੁਥਰਾ ਰੱਖਣਾ ਪਸੰਦ ਕਰਦੀ ਹੈ। ਉਹ ਹਰ ਰੋਜ਼ ਘੱਟ ਤੋਂ ਘੱਟ ਇੱਕ ਵਾਰ ਜ਼ਰੂਰ ਰਸੋਈ ਸਾਫ਼ ਕਰਦੀ ਹੈ। ਉਹ ਆਪਣਾ ਬਹੁਤਾ ਸਮਾਂ ਰਸੋਈ ਵਿੱਚ ਹੀ ਗੁਜ਼ਾਰਦੀ ਹੈ।

ਸੂਜ਼ਨ ਦੀ ਮੰਮੀ ਦਾ ਨਾਂ ਮਿਸਿਜ਼ ਥੌਮਸ ਹੈ। ਮਿਸਿਜ਼ ਥੌਮਸ ਸਿੰਕ ਦੇ ਕੋਲ ਖੜ੍ਹੀ ਹੈ। ਸਿੰਕ ਵਿੱਚ ਕਾਫੀ ਜੂਠੇ ਭਾਂਡੇ ਹਨ। ਮਿਸਿਜ਼ ਥੌਮਸ ਕੱਪ, ਪਲੇਟਾਂ ਅਤੇ ਬਾਕੀ ਭਾਂਡੇ ਧੋਂਦੀ ਹੈ।

ਅੱਜ ਮਿਸਿਜ਼ ਥੌਮਸ ਨੇ ਆਪਣਾ ਕੰਮ ਖ਼ਤਮ ਕਰਕੇ ਬਜ਼ਾਰ ਜਾਣਾ ਹੈ। ਸੂਜ਼ਨ ਵੀ ਉਸ ਨਾਲ ਬਜ਼ਾਰ ਜਾਵੇਗੀ। ਇਸ ਕਰਕੇ ਉਹ ਬਹੁਤ ਖ਼ੁਸ਼ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੂਰੇ ਵਾਕਾਂ ਵਿੱਚ ਲਿਖੋ :

ੳ. ਸੂਜ਼ਨ ਦੀ ਮੰਮੀ ਕਿੱਥੇ ਹੈ ?

1) ਬਜ਼ਾਰ ਵਿੱਚ।

2) ਰਸੋਈ ਵਿੱਚ।

3) ਪਾਰਕ ਵਿੱਚ।

ਅ. ਸੂਜ਼ਨ ਦੀ ਮੰਮੀ ਦਾ ਕੀ ਨਾਂ ਹੈ ?

1) ਮਿਸਿਜ਼ ਬਰਾਊਨ।

2) ਮਿਸਿਜ਼ ਹਿਕਮੈਨ।

3) ਮਿਸਿਜ਼ ਥੌਮਸ।

ੲ. ਸਿੰਕ ਵਿੱਚ ਕੀ ਹੈ ?

1) ਕਪੜੇ ਹਨ।

2) ਜੂਠੇ ਭਾਂਡੇ ਹਨ।

3) ਖਾਣ ਪੀਣ ਦੀਆਂ ਚੀਜ਼ਾਂ ਹਨ।

ਸ. ਸੂਜ਼ਨ ਦੀ ਮੰਮੀ ਕਿੱਥੇ ਖੜੀ ਹੈ ?

SIKHBOOKCLUB.COM

1) ਸਿੰਕ ਕੋਲ।

2) ਦਰਵਾਜ਼ੇ ਕੋਲ।

3) ਬਾਹਰ ਗਾਰਡਨ ਵਿੱਚ।

ਹ. ਅੱਜ ਸੂਜ਼ਨ ਕਿਉਂ ਖ਼ੁਸ਼ ਹੈ ?

1) ਕਿਉਂਕਿ ਉਸ ਨੇ ਲੰਡਨ ਜਾਣਾ ਹੈ।

2) ਕਿਉਂਕਿ ਉਸ ਨੇ ਬਜ਼ਾਰ ਜਾਣਾ ਹੈ।

3) ਕਿਉਂਕਿ ਉਹ ਪਾਸ ਹੋ ਗਈ ਹੈ।

2. ਉਹਨਾਂ ਸਾਰੀਆਂ ਚੀਜ਼ਾਂ ਦੀ ਲਿਸਟ ਬਣਾ ਕੇ ਲਿਖੋ ਜਿਹੜੀਆਂ ਰਸੋਈ ਵਿੱਚ ਹੁੰਦੀਆਂ ਹਨ।

**Answer the following questions in English :**

1. Where is Susan's mother?
2. What is the name of Susan's mother?
3. What is in the sink?
4. Where will Mrs. Thomas be going today?
5. Why is Susan happy?

SIKHBOOKCLUB.COM


MARKET

# ਮਿਸਿਜ਼ ਜੋਨਜ਼

ਮਿਸਿਜ਼ ਜੋਨਜ਼ ਇੱਕ ਪਰਾਮ ਧੱਕੀ ਬਜ਼ਾਰ ਵੱਲ ਜਾ ਰਹੀ ਹੈ। ਪਰਾਮ ਵਿੱਚ ਉਸ ਦਾ ਮੁੰਡਾ ਟੋਨੀ ਹੈ। ਟੋਨੀ ਸੁੱਤਾ ਪਿਆ ਹੈ।

ਮਿਸਿਜ਼ ਜੋਨਜ਼ ਨੇ ਆਪਣਾ ਕੁੱਤਾ ਵੀ ਪਰਾਮ ਨਾਲ ਬੰਨ੍ਹਿਆ ਹੋਇਆ ਹੈ। ਕੁੱਤੇ ਦਾ ਨਾਂ ਜੈਕ ਹੈ। ਜੈਕ ਵੀ ਮਿਸਿਜ਼ ਜੋਨਜ਼ ਨਾਲ ਬਾਹਰ ਜਾਣਾ ਪਸੰਦ ਕਰਦਾ ਹੈ।

SIKHBOOKCLUB.COM

ਜਦੋਂ ਵੀ ਮਿਸਿਜ਼ ਜੋਨਜ਼ ਬਜ਼ਾਰ ਜਾਂਦੀ ਹੈ ਉਹ ਟੋਨੀ ਅਤੇ ਜੈਕ ਨੂੰ ਆਪਣੇ ਨਾਲ ਲੈ ਕੇ ਜਾਂਦੀ ਹੈ। ਮਿਸਿਜ਼ ਜੋਨਜ਼ ਦਾ ਪਤੀ ਮਿਸਟਰ ਜੋਨਜ਼ ਫੈਕਟਰੀ ਵਿੱਚ ਕੰਮ ਕਰਦਾ ਹੈ। ਪਰ ਮਿਸਿਜ਼ ਜੋਨਜ਼ ਟੋਨੀ ਦੀ ਦੇਖ ਭਾਲ ਅਤੇ ਹੋਰ ਘਰ ਦਾ ਕੰਮ ਹੀ ਕਰਦੀ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੂਰੇ ਵਾਕਾਂ ਵਿੱਚ ਲਿਖੋ :

   ੳ. ਮਿਸਿਜ਼ ਜੋਨਜ਼ ਕਿੱਥੇ ਜਾ ਰਹੀ ਹੈ ?

      1) ਸਕੂਲ ਵੱਲ।

2) ਬਜ਼ਾਰ ਵੱਲ।

3) ਰੇਲਵੇ ਸਟੇਸ਼ਨ ਵੱਲ।

ਅ. ਟੋਨੀ ਕਿੱਥੇ ਹੈ ?

1) ਬੈਡ ਵਿੱਚ।

2) ਪਰਾਮ ਵਿੱਚ।

3) ਸਕੂਲ ਵਿੱਚ।

ੲ. ਮਿਸਿਜ਼ ਜੋਨਜ਼ ਦੇ ਕੁੱਤੇ ਦਾ ਕੀ ਨਾਂ ਹੈ ?

1) ਜੈਕ।

2) ਟੋਨੀ।

3) ਪੀਟਰ।

ਸ. ਮਿਸਟਰ ਜੋਨਜ਼ ਕਿੱਥੇ ਕੰਮ ਕਰਦਾ ਹੈ ?

1) ਸਕੂਲ ਵਿੱਚ।

2) ਫੈਕਟਰੀ ਵਿੱਚ।

3) ਦੁਕਾਨ ਵਿੱਚ।

SIKHBOOKCLUB.COM

2. ਖ਼ਾਲੀ ਥਾਵਾਂ ਭਰੋ :

1) ਪਰਾਮ ਵਿੱਚ ਉਸਦਾ ਮੁੰਡਾ..............ਹੈ।

2) .............. ਦਾ ਨਾਂ ਜੈਕ ਹੈ।

3) ਮਿਸਿਜ਼ ਜੋਨਜ਼ ਨੇ ਆਪਣਾ............ਵੀ.............. ਨਾਲ ਬੰਨ੍ਹਿਆ ਹੋਇਆ ਹੈ।

4) ਮਿਸਟਰ ਜੋਨਜ਼..............ਵਿੱਚ ਕੰਮ ਕਰਦਾ ਹੈ।

5) ਮਿਸਿਜ਼ ਜੋਨਜ਼..............ਦੀ ਦੇਖ ਭਾਲ ਕਰਦੀ ਹੈ।

**Answer the following questions in English :**

1. Where is Mrs. Jones going to?
2. What is in the pram?
3. What is the name of Mrs. Jones's dog?
4. Who accompanies Mrs. Jones when she goes to the market?
5. Where does Mr. Jones work?
6. What does Mrs. Jones do?

SIKHBOOKCLUB.COM


MEAT

# ਮਿਸਿਜ਼ ਜੋਨਜ਼ ਬਜ਼ਾਰ ਵਿੱਚ

ਮਿਸਿਜ਼ ਜੋਨਜ਼ ਬਜ਼ਾਰ ਵਿੱਚ ਪਹੁੰਚ ਗਈ ਹੈ। ਉਸ ਦਾ ਕੁੱਤਾ ਜੈਕ ਵੀ ਉਸ ਦੇ ਨਾਲ ਹੈ। ਬਜ਼ਾਰ ਵਿੱਚ ਹਰ ਤਰ੍ਹਾਂ ਦੀਆਂ ਦੁਕਾਨਾਂ ਹਨ। ਮਿਸਿਜ਼ ਜੋਨਜ਼ ਨੇ ਮੀਟ ਅਤੇ ਕੁਝ ਫਲ ਖ਼ਰੀਦਣੇ ਹਨ। ਇਸ ਲਈ ਉਹ ਮੀਟ ਅਤੇ ਫਲਾਂ ਦੀ ਦੁਕਾਨ ਦੇ ਕੋਲ ਪਹੁੰਚ ਗਈ ਹੈ।

ਫਲਾਂ ਦੀ ਦੁਕਾਨ ਵਾਲੇ ਨੇ ਸਾਰੇ ਫਲ ਬੜੇ ਸਜਾ ਕੇ ਰੱਖੇ ਹੋਏ ਹਨ। ਇਸ ਦੁਕਾਨ ਤੋਂ ਤੁਸੀਂ ਕੇਲੇ, ਸੰਗਤਰੇ, ਅੰਗੂਰ, ਅੰਬ, ਖਰਬੂਜ਼ੇ, ਸੇਬ ਅਤੇ ਹੋਰ ਕਈ ਤਰ੍ਹਾਂ ਦੇ ਫਲ ਖ਼ਰੀਦ ਸਕਦੇ ਹੋ। ਮਿਸਿਜ਼ ਜੋਨਜ਼ ਨੇ ਕੇਲੇ, ਅੰਬ ਅਤੇ ਸੰਗਤਰੇ ਖ਼ਰੀਦਣੇ ਹਨ।

ਬਜ਼ਾਰ ਮਿਸਿਜ਼ ਜੋਨਜ਼ ਦੇ ਘਰ ਤੋਂ ਕੋਈ ਬਹੁਤ ਦੂਰ ਨਹੀਂ ਹੈ। ਉਹ ਬਜ਼ਾਰ ਨੂੰ ਤੁਰ ਕੇ ਜਾਣਾ ਪਸੰਦ ਕਰਦੀ ਹੈ। ਇਸ ਨਾਲ ਉਸ ਦੀ ਅਤੇ ਉਸ ਦੇ ਕੁੱਤੇ ਜੈਕ ਦੀ ਕਸਰਤ ਹੋ ਜਾਂਦੀ ਹੈ। ਜੈਕ ਵੀ ਬਜ਼ਾਰ ਨੂੰ ਤੁਰ ਕੇ ਜਾਣ ਨਾਲ ਬਹੁਤ ਖ਼ੁਸ਼ ਹੁੰਦਾ ਹੈ।

ਜਦੋਂ ਮਿਸਿਜ਼ ਜੋਨਜ਼ ਮੀਟ ਦੀ ਦੁਕਾਨ ਕੋਲ ਪਹੁੰਚਦੀ ਹੈ

ਤਾਂ ਉਸ ਨੂੰ ਅਚਾਨਕ ਮਿਸਟਰ ਸਮਿੱਥ ਮਿਲਦਾ ਹੈ। ਉਹ ਮਿਸਿਜ਼ ਜੋਨਜ਼ ਨੂੰ ਮਿਸਟਰ ਜੋਨਜ਼ ਅਤੇ ਟੋਨੀ ਦਾ ਹਾਲ ਚਾਲ ਪੁੱਛਦਾ ਹੈ। ਜੈਕ ਕੋਲ ਖੜ੍ਹਾ ਹੈ। ਮਿਸਟਰ ਸਮਿੱਥ ਵੀ ਬਜ਼ਾਰ ਤੋਂ ਮੀਟ ਅਤੇ ਕੁਝ ਹੋਰ ਚੀਜ਼ਾਂ ਖ਼ਰੀਦਣ ਆਇਆ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :
   1) ਮਿਸਿਜ਼ ਜੋਨਜ਼ ਕਿੱਥੇ ਪਹੁੰਚ ਗਈ ਹੈ ?
   2) ਮਿਸਿਜ਼ ਜੋਨਜ਼ ਬਜ਼ਾਰ ਵਿੱਚ ਕੀ ਖ਼ਰੀਦਣ ਗਈ ਹੈ ?
   3) ਟੋਨੀ ਕਿੱਥੇ ਹੈ ?
   4) ਮਿਸਿਜ਼ ਜੋਨਜ਼ ਬਜ਼ਾਰ ਨੂੰ ਤੁਰ ਕੇ ਕਿਉਂ ਜਾਣਾ ਚਾਹੁੰਦੀ ਹੈ ?
   5) ਬਜ਼ਾਰ ਵਿੱਚ ਮਿਸਿਜ਼ ਜੋਨਜ਼ ਨੂੰ ਹੋਰ ਕੌਣ ਮਿਲਦਾ ਹੈ ?

2. ਖ਼ਾਲੀ ਥਾਵਾਂ ਭਰੋ :
   1) ਉਸ ਦਾ..............ਜੈਕ ਵੀ ਉਸ ਦੇ ਨਾਲ ਹੈ।
   2) ਮਿਸਿਜ਼ ਜੋਨਜ਼ ਨੇ..............ਅਤੇ ਕੁਝ..............ਖ਼ਰੀਦਣੇ ਹਨ।
   3) ਜੈਕ ਵੀ..............ਨੂੰ ਤੁਰ ਕੇ ਜਾਣ ਨਾਲ ਬਹੁਤ.............. ਹੁੰਦਾ ਹੈ।

4) ਫਲਾਂ ਦੀ ਦੁਕਾਨ ਵਾਲੇ ਨੇ ਸਾਰੇ.............ਬੜੇ ਸਜਾ ਕੇ ਰੱਖੇ ਹੋਏ ਹਨ।

5) ਮਿਸਟਰ ਸਮਿੱਥ ਵੀ.......................ਤੋਂ ਮੀਟ ਅਤੇ ਕੁਝ ਹੋਰ.....................ਖ਼ਰੀਦਣ ਆਇਆ ਹੈ।

3. ਮਿਸਿਜ਼ ਜੋਨਜ਼ ਬਾਰੇ ਕੋਈ ਚਾਰ ਵਾਕ ਆਪਣੇ ਸ਼ਬਦਾਂ ਵਿੱਚ ਲਿਖੋ।

**Answer the following questions in English :**

1. Where is Mrs. Jones going to buy?
2. What fruit can you buy from the fruit shop?
3. Why does Mrs. Jones like to walk to the market?
4. Who meets Mrs. Jones in the market?
5. Why did Mr. Smith come to the market?

SIKHBOOKCLUB.COM



# ਜਸਵੀਰ

1. ਮੈਂ ਇੱਕ ਕੁੜੀ ਹਾਂ ਅਤੇ ਮੇਰਾ ਨਾਮ ਜਸਵੀਰ ਹੈ।
2. ਮੇਰਾ ਕੱਦ 4 ਫੁੱਟ 6 ਇੰਚ ਹੈ।
3. ਮੇਰੇ ਵਾਲ ਕਾਲੇ ਅਤੇ ਅੱਖਾਂ ਨੀਲੀਆਂ ਹਨ।
4. ਮੇਰਾ ਜਨਮ 15 ਫ਼ਰਵਰੀ 1972 ਨੂੰ ਹੋਇਆ ਸੀ।
5. ਮੈਂ ਸਿਡਨੀ ਸਟਰਿੰਗਰ ਸਕੂਲ ਕਾਵੈਂਟਰੀ ਵਿੱਚ ਪੜ੍ਹਦੀ ਹਾਂ।
6. ਮੇਰੀ ਛੋਟੀ ਭੈਣ ਦਾ ਨਾਂ ਲਖਬੀਰ ਹੈ। ਉਹ ਵੀ ਸਿਡਨੀ ਸਟਰਿੰਗਰ ਸਕੂਲ ਵਿੱਚ ਪੜ੍ਹਦੀ ਹੈ।
7. ਮੇਰਾ ਇੱਕ ਭਰਾ ਹੈ। ਉਸ ਦਾ ਨਾਂ ਆਰਬਿੰਦਰ ਹੈ। ਉਹ ਉਮਰ ਵਿੱਚ ਮੇਰੇ ਨਾਲੋਂ ਵੱਡਾ ਹੈ। ਉਹ ਸਟੋਕ ਪਾਰਕ ਸਕੂਲ ਵਿੱਚ ਪੜ੍ਹਦਾ ਹੈ।
8. ਮੈਂ ਨੈੱਟਬਾਲ ਖੇਡਣਾ ਬਹੁਤ ਪਸੰਦ ਕਰਦੀ ਹਾਂ ਅਤੇ ਹਰ ਰੋਜ਼ ਸ਼ਾਮ ਨੂੰ ਇੱਕ ਘੰਟਾ ਨੈੱਟਬਾਲ ਖੇਡਦੀ ਹਾਂ।
9. ਸਾਡੇ ਮਾਤਾ ਪਿਤਾ ਸਾਡੇ ਸਾਰਿਆਂ ਨਾਲ ਬਹੁਤ ਪਿਆਰ ਕਰਦੇ ਹਨ।
10. ਮੈਂ ਵੱਡੀ ਹੋ ਕੇ ਟੀਚਰ ਬਣਨਾ ਚਾਹੁੰਦੀ ਹਾਂ।

SIKHBOOKCLUB.COM

## ਅਭਿਆਸ (Exercise)

1. ਆਪਣੀ ਕਾਪੀ ਵਿੱਚ ਜਸਵੀਰ ਦੀ ਤਰ੍ਹਾਂ ਦਸ ਵਾਕ (Sentences) ਲਿਖੋ ਪਰ ਇਹ ਵਾਕ ਤੁਸੀਂ ਆਪਣੇ ਆਪ ਤੇ ਉਪਰਲੀ ਸੂਚਨਾ (information) ਨੂੰ ਬਦਲ ਕੇ ਲਿਖੋ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

   1) ਜਸਵੀਰ ਦੇ ਕਿੰਨੇ ਭੈਣ ਭਰਾ ਹਨ ?
   2) ਜਸਵੀਰ ਦੇ ਭਰਾ ਦਾ ਕੀ ਨਾਂ ਹੈ ?
   3) ਜਸਵੀਰ ਦੀ ਭੈਣ ਦਾ ਕੀ ਨਾਂ ਹੈ ?
   4) ਜਸਵੀਰ ਦੀ ਉਮਰ ਕਿੰਨੇ ਸਾਲ ਹੈ ?
   5) ਜਸਵੀਰ ਕਿਹੜੀ ਖੇਡ ਖੇਡਣਾ ਪਸੰਦ ਕਰਦੀ ਹੈ ?
   6) ਜਸਵੀਰ ਦਾ ਕੱਦ ਕਿੰਨਾ ਹੈ ?
   7) ਜਸਵੀਰ ਕੀ ਬਣਨਾ ਚਾਹੁੰਦੀ ਹੈ ?
   8) ਜਸਵੀਰ ਦਾ ਜਨਮ ਦਿਨ ਕਦੋਂ ਸੀ ?
   9) ਆਰਬਿੰਦਰ ਕਿਹੜੇ ਸਕੂਲ ਵਿੱਚ ਪੜ੍ਹਦਾ ਹੈ ?

**Answer the following questions in English :**


1. What is Jasvir's height?
2. When was Jasvir born?
3. Which school does she go to?
4. What is the name of Jasvir's younger sister?
5. What game does she like to play?
6. What is the name of Jasvir's brother?
7. Which school does Arbinder go to?
8. When does Jasvir play netball?

# ਸਰੀਰ ਦੇ ਅੰਗ

ਸਾਡਾ ਸਰੀਰ ਕਈ ਅੰਗਾਂ ਨੂੰ ਮਿਲਾ ਕੇ ਬਣਿਆ ਹੈ ਜਿਵੇਂ ਕਿ ਸਿਰ, ਮੂੰਹ, ਅੱਖਾਂ, ਨੱਕ, ਕੰਨ, ਗਰਦਨ, ਬਾਹਾਂ, ਪੇਟ, ਲੱਤਾਂ, ਹੱਥ, ਪੈਰ, ਜੀਭ, ਆਦਿ। ਹਰ ਅੰਗ ਦਾ ਆਪਣਾ ਆਪਣਾ ਕੰਮ ਹੁੰਦਾ ਹੈ।

ਅਸੀਂ ਆਪਣੀਆਂ ਅੱਖਾਂ ਨਾਲ ਦੇਖਦੇ ਹਾਂ। ਹੱਥਾਂ ਨਾਲ ਕਈ ਪ੍ਰਕਾਰ ਦੇ ਕੰਮ ਕਰਦੇ ਹਾਂ। ਮੂੰਹ ਨਾਲ ਖਾਂਦੇ ਹਾਂ। ਪੈਰਾਂ ਨਾਲ ਤੁਰਨ ਫਿਰਨ ਦਾ ਕੰਮ ਕਰਦੇ ਹਾਂ। ਕੰਨਾਂ ਨਾਲ ਸੁਣਦੇ ਹਾਂ। ਨੱਕ ਨਾਲ ਸੁੰਘਦੇ ਹਾਂ। ਜੀਭ ਨਾਲ ਚੱਖਣ ਜਾਂ ਸੁਆਦ ਲੈਣ ਅਤੇ ਦਿਮਾਗ਼ ਤੋਂ ਸੋਚਣ ਦਾ ਕੰਮ ਲੈਂਦੇ ਹਾਂ।

ਸਰੀਰ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਦਾ ਹਰ ਇੱਕ ਅੰਗ ਠੀਕ ਤਰ੍ਹਾਂ ਕੰਮ ਕਰੇ। ਜੇ ਸਾਰਿਆਂ ਅੰਗਾਂ ਵਿੱਚੋਂ ਕੋਈ ਇੱਕ ਅੰਗ ਵੀ ਚੰਗੀ ਤਰ੍ਹਾਂ ਕੰਮ ਕਰਨ ਤੋਂ ਹਟ ਜਾਏ ਤਾਂ ਸਰੀਰ ਕੰਮ ਕਰਨ ਤੋਂ ਅਯੋਗ ਬਣ ਜਾਂਦਾ ਹੈ। ਇਸ ਲਈ ਸਾਨੂੰ ਆਪਣੇ ਸਰੀਰ ਦੇ ਹਰੇਕ ਅੰਗ ਦੀ ਪੂਰੀ ਪੂਰੀ ਦੇਖ ਭਾਲ ਕਰਨੀ ਚਾਹੀਦੀ ਹੈ। ਸਾਰੇ ਸਰੀਰ ਦੀ ਸਫ਼ਾਈ ਰੱਖਣਾ




SIKHBOOKCLUB.COM

ਬਹੁਤ ਜ਼ਰੂਰੀ ਹੈ ਤਾਂ ਕਿ ਸਰੀਰ ਨੂੰ ਕਈ ਬੀਮਾਰੀਆਂ ਤੋਂ ਬਚਾਇਆ ਜਾ ਸਕੇ। ਕਸਰਤ ਕਰਨ ਨਾਲ ਵੀ ਸਰੀਰ ਨੂੰ ਕਈ ਬੀਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ੳ) ਅੱਖਾਂ ਨਾਲ ਅਸੀਂ ਕੀ ਕੰਮ ਕਰਦੇ ਹਾਂ ?

ਅ) ਕੰਨਾਂ ਨਾਲ ਅਸੀਂ ਕੀ ਕਰਦੇ ਹਾਂ ?

ੲ) ਜੇ ਸਰੀਰ ਦਾ ਇੱਕ ਅੰਗ ਵੀ ਕੰਮ ਕਰਨ ਤੋਂ ਹਟ ਜਾਏ ਤਾਂ ਕੀ ਹੋ ਜਾਂਦਾ ਹੈ ?

ਸ) ਸਰੀਰ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ ?

ਹ) ਅਸੀਂ ਪੈਰਾਂ ਨਾਲ ਕੀ ਕਰਦੇ ਹਾਂ ?

2. ਖ਼ਾਲੀ ਥਾਵਾਂ ਭਰੋ :

ੳ) ਅਸੀਂ ਨੱਕ ਨਾਲ...............ਹਾਂ।

ਅ) ...............ਨਾਲ ਸੋਚਦੇ ਹਾਂ।

ੲ) ਮੂੰਹ ਨਾਲ...............ਹਾਂ।

ਸ) ...............ਨਾਲ ਕਈ ਪ੍ਰਕਾਰ ਦਾ ਕੰਮ ਕਰਦੇ ਹਾਂ।

ਹ) ਜੀਭ ਨਾਲ...............ਲੈਣ ਦਾ ਕੰਮ ਕਰਦੇ ਹਾਂ।

3. ਠੀਕ ਵਾਕਾਂ ਦੇ ਅੱਗੇ (✓) ਅਤੇ ਗ਼ਲਤ ਵਾਕਾਂ ਦੇ ਅੱਗੇ (x) ਦੇ ਚਿੰਨ੍ਹ ਲਾਓ :

ੳ) ਪੈਰਾਂ ਨਾਲ ਅਸੀਂ ਸੁਣਦੇ ਹਾਂ।

ਅ) ਦਿਮਾਗ਼ ਨਾਲ ਅਸੀਂ ਦੇਖਦੇ ਹਾਂ।

ੲ) ਮੂੰਹ ਨਾਲ ਅਸੀਂ ਖਾਂਦੇ ਹਾਂ।

ਸ) ਬਿਮਾਰੀਆਂ ਤੋਂ ਬਚਣ ਲਈ ਸਰੀਰ ਦੀ ਸਫ਼ਾਈ ਰੱਖਣੀ ਬਹੁਤ ਜ਼ਰੂਰੀ ਹੈ।

ਹ) ਨੱਕ ਨਾਲ ਅਸੀਂ ਸੋਚਦੇ ਹਾਂ।

4. ਹੇਠ ਲਿਖਿਆਂ ਸ਼ਬਦਾਂ ਨੂੰ ਆਪਣੇ ਵਾਕਾਂ ਵਿੱਚ ਵਰਤੋ :

| | |
|---|---|
| 1. ਬੀਮਾਰੀ | 2. ਸੁਆਦ |
| 3. ਪ੍ਰਕਾਰ | 4. ਸ਼ਫ਼ਾਈ |
| 5. ਸਰੀਰ | 6. ਕੰਮ |
| 7. ਅੰਗ | 8. ਦੇਖ ਭਾਲ |
| 9. ਅਯੋਗ | 10. ਯੋਗ |

SIKHBOOKCLUB.COM

5. ਆਪਣੀ ਕਾਪੀ ਵਿੱਚ ਲਿਖੋ :

| ਇੱਕ-ਵਚਨ | ਬਹੁ-ਵਚਨ |
|---|---|
| ਸਰੀਰ | ਸਰੀਰਾਂ |
| ਅੰਗ | ਅੰਗਾਂ |
| ਮੂੰਹ | ਮੂੰਹਾਂ |
| ਅੱਖ | ਅੱਖਾਂ |
| ਨੱਕ | ਨੱਕਾਂ |

| | |
|---|---|
| ਸੁਆਦ | ਸੁਆਦਾਂ |
| ਕੰਮ | ਕੰਮਾਂ |
| ਕਸਰਤ | ਕਸਰਤਾਂ |
| ਲੱਤ | ਲੱਤਾਂ |
| ਜੀਭ | ਜੀਭਾਂ |
| ਗਰਦਨ | ਗਰਦਨਾਂ |
| ਬਾਂਹ | ਬਾਹਾਂ |
| ਸੁਣਦਾ | ਸੁਣਦੇ |
| ਸੁੰਘਦਾ | ਸੁੰਘਦੇ |
| ਆਪਣਾ | ਆਪਣੇ |
| ਚੱਖਦਾ | ਚੱਖਦੇ |
| ਰੱਖਣਾ | ਰੱਖਣੇ |
| ਦਿਮਾਗ਼ | ਦਿਮਾਗ਼ਾਂ |
| ਪੇਟ | ਪੇਟਾਂ |
| ਪੈਰ | ਪੈਰਾਂ |
| ਹੱਥ | ਹੱਥਾਂ |
| ਕੰਨ | ਕੰਨਾਂ |
| ਸੋਚਦਾ | ਸੋਚਦੇ |

SIKHBOOKCLUB.COM

**Answer the following questions in English :**

1. What do we do with our eyes ?
2. What do we do with our hands ?
3. What happens if any one part of our body stops working ?
4. Why do people take exercise ?
5. Name the different parts of the body.

SIKHBOOKCLUB.COM

# ਲਾਲਚੀ ਕੁੱਤਾ


ਇੱਕ ਕੁੱਤਾ ਸੀ। ਉਹ ਬਹੁਤ ਭੁੱਖਾ ਸੀ। ਉਹ ਇੱਧਰ ਉੱਧਰ ਭੋਜਨ ਲਈ ਗਿਆ ਪਰ ਉਸਨੂੰ ਕੁਝ ਵੀ ਨਾ ਮਿਲਿਆ। ਉਹ ਇੱਕ ਬੁੱਚੜ ਦੀ ਦੁਕਾਨ ਉਤੇ ਪਹੁੰਚਿਆ। ਉੱਥੇ ਉਸ ਨੂੰ ਇੱਕ ਮਾਸ ਦਾ ਟੁਕੜਾ ਮਿਲਿਆ।


ਕੁੱਤਾ ਮਾਸ ਦਾ ਟੁਕੜਾ ਚੋਰੀ ਕਰਕੇ ਦੌੜ ਗਿਆ। ਉਹ ਮਾਸ ਦਾ ਟੁਕੜਾ ਕਿਸੇ ਇਕੱਲੀ ਥਾਂ ਉੱਤੇ ਖਾਣਾ ਚਾਹੁੰਦਾ ਸੀ।

SIKHBOOKCLUB.COM

ਰਸਤੇ ਵਿੱਚ ਉਹ ਇੱਕ ਦਰਿਆ ਦੇ ਪੁਲ ਉੱਤੇ ਪੁੱਜਿਆ। ਉਸ ਨੇ ਪਾਣੀ ਵਿੱਚ ਆਪਣਾ ਪਰਛਾਵਾਂ ਵੇਖਿਆ। ਪਾਣੀ ਵਿੱਚ ਉਸ ਨੂੰ ਇੱਕ ਹੋਰ ਕੁੱਤਾ ਨਜ਼ਰ ਆਇਆ। ਉਸ ਦੇ ਮੂੰਹ ਵਿੱਚ ਵੀ ਮਾਸ ਦਾ ਟੁਕੜਾ ਸੀ।

ਭੁੱਖੇ ਤੇ ਲਾਲਚੀ ਕੁੱਤੇ ਨੇ ਉਹ ਟੁਕੜਾ ਵੀ ਲੈਣਾ ਚਾਹਿਆ। ਉਸ ਨੇ ਭੌਂਕਣਾ ਸ਼ੁਰੂ ਕੀਤਾ। ਉਸ ਦੇ ਮੂੰਹ ਵਿੱਚ ਦਾ ਟੁਕੜਾ ਵੀ ਪਾਣੀ ਵਿੱਚ ਜਾ ਡਿੱਗਿਆ। ਉਹ ਬਹੁਤ ਉਦਾਸ ਹੋਇਆ। ਇਸ ਤਰ੍ਹਾਂ ਕੁੱਤਾ ਭੁੱਖਾ ਹੀ ਰਹਿ ਗਿਆ।





# ਅਭਿਆਸ (Exercise)

1. ਇਸ ਕਹਾਣੀ ਨੂੰ ਜ਼ਬਾਨੀ ਸੁਣਾਓ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

   1) ਬੁੱਚੜ ਦੀ ਦੁਕਾਨ ਤੇ ਕੁੱਤੇ ਨੂੰ ਕੀ ਮਿਲਿਆ ?

   2) ਕੁੱਤਾ ਮਾਸ ਦਾ ਟੁਕੜਾ ਕਿੱਥੇ ਖਾਣਾ ਚਾਹੁੰਦਾ ਸੀ ?

   3) ਕੁੱਤੇ ਨੇ ਪਾਣੀ ਵਿੱਚ ਕੀ ਦੇਖਿਆ ?

   4) ਕੁੱਤੇ ਨੇ ਭੌਂਕਣਾ ਕਿਉਂ ਸ਼ੁਰੂ ਕੀਤਾ ?

   5) ਉਸਦਾ ਆਪਣਾ ਮਾਸ ਦਾ ਟੁਕੜਾ ਕਿੱਥੇ ਗਿਆ ?

3. ਖ਼ਾਲੀ ਥਾਵਾਂ ਭਰੋ :

   ੳ) ਇੱਕ...............ਬਹੁਤ ਭੁੱਖਾ ਸੀ।

   ਅ) ਉਹ ਇੱਕ ਬੁੱਚੜ ਦੀ...............ਉੱਤੇ ਪਹੁੰਚਿਆ।

   ੲ) ਉਥੇ ਉਸ ਨੂੰ ਇੱਕ ਮਾਸ ਦਾ...............ਮਿਲਿਆ।


   ਸ) ਉਸ ਨੇ ਪਾਣੀ ਵਿੱਚ ਆਪਣਾ...............ਦੇਖਿਆ।


   ਹ) ਭੁੱਖੇ ਤੇ...............ਕੁੱਤੇ ਨੇ ਉਹ...............ਵੀ ਲੈਣਾ ਚਾਹਿਆ।

4. ਹੇਠ ਲਿਖਿਆਂ ਸ਼ਬਦਾਂ ਨੂੰ ਆਪਣੇ ਵਾਕਾਂ ਵਿੱਚ ਵਰਤੋ :

| | |
|---|---|
| 1. ਭੁੱਖਾ | 2. ਭੋਜਨ |
| 3. ਟੁਕੜਾ | 4. ਦੌੜ |
| 5. ਖਾਣਾ | 6. ਦਰਿਆ |
| 7. ਪੁਲ | 8. ਪਾਣੀ |
| 9. ਪਰਛਾਵਾਂ | 10. ਉਦਾਸ |

SIKHBOOKCLUB.COM






SIKHBOOKCLUB.COM

**Answer the following questions in English :**

1. What did the dog get from the butcher's shop ?
2. Where did the dog want to eat the piece of meat ?
3. What did the dog see in the water ?
4. Why did the dog start to bark ?
5. What happened to his own piece of meat ?

SIKHBOOKCLUB.COM



SIKHBOOKCLUB.COM



# ਡਾਕੀਆ

ਇਹ ਡਾਕੀਏ ਦੀ ਤਸਵੀਰ ਹੈ। ਇਸ ਦਾ ਨਾਂ ਮਾਈਕਲ ਹੈ। ਇਸ ਨੂੰ ਸਵੇਰੇ ਬਹੁਤ ਛੇਤੀ ਉੱਠਣਾ ਪੈਂਦਾ ਹੈ। ਇਸ ਦਾ ਕੰਮ ਬਹੁਤ ਔਖਾ ਹੁੰਦਾ ਹੈ। ਇਹ ਸਾਨੂੰ ਚਿੱਠੀਆਂ, ਪਾਰਸਲ ਅਤੇ ਤੋਹਫ਼ੇ ਲਿਆ ਕੇ ਦਿੰਦਾ ਹੈ।

ਵੱਡਿਆਂ ਸ਼ਹਿਰਾਂ ਵਿੱਚ ਬਹੁਤ ਸਾਰੇ ਡਾਕੀਏ ਹੁੰਦੇ ਹਨ ਕਿਉਂਕਿ ਇੱਕ ਡਾਕੀਏ ਵਾਸਤੇ ਸਾਰੇ ਸ਼ਹਿਰ ਵਿੱਚ ਚਿੱਠੀਆਂ ਵੰਡਣਾ ਬਹੁਤ ਔਖਾ ਹੁੰਦਾ ਹੈ। ਇਹ ਆਪਸ ਵਿੱਚ ਸੜਕਾਂ ਵੰਡ ਲੈਂਦੇ ਹਨ ਕਿ ਕਿਸ ਸੜਕ ਉੱਤੇ ਕਿਸ ਡਾਕੀਏ ਨੇ ਚਿੱਠੀਆਂ ਵੰਡਣੀਆਂ ਹਨ।

ਸਭ ਤੋਂ ਪਹਿਲਾਂ ਡਾਕੀਆ ਹੈਡਪੋਸਟ ਆਫ਼ਿਸ ਜਾਂਦਾ ਹੈ ਅਤੇ ਉਥੋਂ ਆਪਣੀਆਂ ਸੜਕਾਂ ਵਾਲੀਆਂ ਚਿੱਠੀਆਂ ਇੱਕ ਵੱਡੇ ਬੈਗ ਵਿੱਚ ਪਾ ਕੇ ਲਿਆਉਂਦਾ ਹੈ। ਫੇਰ ਚਿੱਠੀਆਂ ਨੂੰ ਸੜਕ ਦੇ ਨੰਬਰਾਂ ਅਨੁਸਾਰ ਛਾਂਟਦਾ ਹੈ ਅਤੇ ਜਿਸ ਦੀ ਚਿੱਠੀ ਹੋਵੇ ਉਸ ਦੇ ਘਰ ਦੇ ਦਰਵਾਜ਼ੇ ਦੀ ਮੋਰੀ ਵਿੱਚੋਂ ਸੁੱਟ ਦਿੰਦਾ ਹੈ।

ਡਾਕੀਏ ਦੀ ਨੌਕਰੀ ਬਹੁਤ ਔਖੀ ਹੈ। ਉਸ ਨੂੰ ਮੀਂਹ ਅਤੇ

ਸਣੋ ਵਿੱਚ ਵੀ ਚਿੱਠੀਆਂ ਵੰਡਣੀਆਂ ਪੈਂਦੀਆਂ ਹਨ। ਉਸ ਨੂੰ ਬਹੁਤ ਭਾਰਾ ਚਿੱਠੀਆਂ ਨਾਲ ਭਰਿਆ ਹੋਇਆ ਥੈਲਾ ਚੁੱਕਣਾ ਪੈਂਦਾ ਹੈ ਅਤੇ ਭਾਰ ਨਾਲ ਉਸ ਦੇ ਮੋਢੇ ਥੱਕ ਜਾਂਦੇ ਹਨ।

ਕ੍ਰਿਸਮਿਸ ਦੀਆਂ ਛੁੱਟੀਆਂ ਤੋਂ ਕੁਝ ਦਿਨ ਪਹਿਲਾਂ ਉਸ ਨੂੰ ਕਈ ਵਾਰ ਡਾਕ ਵੰਡਣੀ ਪੈਂਦੀ ਹੈ। ਲੋਕੀਂ ਆਪਣੇ ਰਿਸ਼ਤੇਦਾਰਾਂ, ਮਿੱਤਰਾਂ ਅਤੇ ਘਰਦਿਆਂ ਨੂੰ ਕ੍ਰਿਸਮਿਸ ਕਾਰਡ ਅਤੇ ਤੋਹਫ਼ੇ ਭੇਜਦੇ ਹਨ। ਇਹ ਕਾਰਡ ਅਤੇ ਤੋਹਫ਼ੇ ਡਾਕੀਆ ਹੀ ਵੰਡਦਾ ਹੈ।

ਇਸ ਲਈ ਡਾਕੀਆ ਸਾਡੇ ਲਈ ਬਹੁਤ ਲਾਭਦਾਇਕ ਹੈ। ਉਸ ਵਿਚਾਰੇ ਨੂੰ ਕੇਵਲ ਐਤਵਾਰ ਦੀ ਹੀ ਛੁੱਟੀ ਹੁੰਦੀ ਹੈ ਅਤੇ ਹਫ਼ਤੇ ਵਿਚ ਛੇ ਦਿਨ ਕੰਮ ਕਰਨਾ ਪੈਂਦਾ ਹੈ।

## ਅਭਿਆਸ (Exercise)

1. ਉੱਪਰ ਲਿਖੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

   ੳ) ਡਾਕੀਏ ਦਾ ਕੀ ਨਾਂ ਹੈ ?

   ਅ) ਡਾਕੀਆ ਸਾਡੇ ਵਾਸਤੇ ਕੀ ਲੈ ਕੇ ਆਉਂਦਾ ਹੈ ?

   ੲ) ਵੱਡੇ ਸ਼ਹਿਰਾਂ ਵਿੱਚ ਬਹੁਤੇ ਡਾਕੀਏ ਕਿਉਂ ਹੁੰਦੇ ਹਨ ?

ਸ) ਸ਼ਹਿਰਾਂ ਵਿੱਚ ਡਾਕੀਏ ਆਪਸ ਵਿੱਚ ਕੰਮ ਕਿਸ ਤਰ੍ਹਾਂ ਵੰਡਦੇ ਹਨ ?

ਹ) ਡਾਕੀਆ ਸਭ ਤੋਂ ਪਹਿਲਾਂ ਹੈਡਪੋਸਟ ਆਫ਼ਿਸ ਕਿਉਂ ਜਾਂਦਾ ਹੈ ?

ਕ) ਡਾਕੀਏ ਨੂੰ ਹਫ਼ਤੇ ਵਿੱਚ ਕਿੰਨੇ ਦਿਨ ਕੰਮ ਕਰਨਾ ਪੈਂਦਾ ਹੈ ਅਤੇ ਉਸ ਨੂੰ ਕਿਸ ਦਿਨ ਦੀ ਛੁੱਟੀ ਹੁੰਦੀ ਹੈ।

ਖ) ਇਹ ਦੱਸਣ ਲਈ ਕਿ ਉਸ ਦਾ ਕੰਮ ਔਖਾ ਹੈ, ਘੱਟੋ ਘੱਟ ਚਾਰ ਵਾਕ ਆਪਣੇ ਸ਼ਬਦਾਂ ਵਿੱਚ ਲਿਖੋ।

ਗ) ਡਾਕੀਆ ਸਾਡੇ ਲਈ ਕਿਉਂ ਲਾਭਦਾਇਕ ਹੈ ?

**Answer the following questions in English :**

1. What is the name of the postman?
2. What does the postman bring for us?
3. Why do big cities have lots of postmen?
4. How do the postmen distribute work among themselves in cities?
5. Why does the postman go to the Head Post Office first of all?

SIKHBOOKCLUB.COM

# ਗੁਰਦਵਾਰਾ

ਸਨਦੀਪ : ਇਹ ਸਾਹਮਣੇ ਕੀ ਹੈ? ਬਹੁਤ ਵੱਡੀ ਇਮਾਰਤ ਹੈ।

ਮਨਦੀਪ : ਇਹ ਗੁਰਦਵਾਰਾ ਹੈ।

ਸਨਦੀਪ : ਗੁਰਦਵਾਰਾ ਕੀ ਹੁੰਦਾ ਹੈ?

ਮਨਦੀਪ : ਤੈਨੂੰ ਇਹ ਵੀ ਪਤਾ ਨਹੀਂ? ਇਹ ਸਿੱਖਾਂ ਦਾ ਧਾਰਮਿਕ ਅਸਥਾਨ ਹੁੰਦਾ ਹੈ।


SIKHBOOKCLUB.COM

ਸਨਦੀਪ : ਗੁਰਦਵਾਰੇ ਵਿੱਚ ਲੋਕ ਕੀ ਕਰਦੇ ਹਨ?

ਮਨਦੀਪ : ਗੁਰਦਵਾਰੇ ਵਿੱਚ ਲੋਕ ਸਿੱਖਾਂ ਦੀ ਧਾਰਮਿਕ ਕਿਤਾਬ ਵਿੱਚੋਂ ਪਾਠ ਅਤੇ ਕੀਰਤਨ ਸੁਣਦੇ ਹਨ।

ਸਨਦੀਪ : ਸਿੱਖਾਂ ਦੀ ਧਾਰਮਿਕ ਕਿਤਾਬ ਦਾ ਨਾਂ ਕੀ ਹੈ?

ਮਨਦੀਪ : ਸਿੱਖਾਂ ਦੀ ਧਾਰਮਿਕ ਕਿਤਾਬ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਾਰੇ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਸਨਮਾਨ ਕਰਦੇ ਹਨ।


SIKH TEMPLE

ਸਨਦੀਪ : ਪਾਠ ਕੀ ਹੁੰਦਾ ਹੈ ?

ਮਨਦੀਪ : ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਨੂੰ ਪਾਠ ਕਰਨਾ ਕਹਿੰਦੇ ਹਨ।

ਸਨਦੀਪ : ਕੀਰਤਨ ਕੀ ਹੁੰਦਾ ਹੈ ?

ਮਨਦੀਪ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਲੋਕਾਂ ਨੂੰ ਗਾ ਕੇ ਸੁਨਾਉਣ ਨੂੰ ਕੀਰਤਨ ਕਰਨਾ ਕਹਿੰਦੇ ਹਨ।

ਸਨਦੀਪ : ਗੁਰਦਵਾਰੇ ਵਿੱਚ ਪਾਠ ਕੌਣ ਕਰਦਾ ਹੈ ?

ਮਨਦੀਪ : ਗੁਰਦਵਾਰੇ ਵਿੱਚ ਪਾਠ ਕਰਨ ਵਾਲੇ ਨੂੰ ਪਾਠੀ ਕਹਿੰਦੇ ਹਨ। ਪਾਠ ਕਰਨ ਤੋਂ ਪਹਿਲਾਂ ਪਾਠੀ ਇਸ਼ਨਾਨ ਕਰਦਾ ਹੈ ਅਤੇ ਉਸਨੂੰ ਸਾਫ਼ ਸੁਥਰੇ ਕੱਪੜੇ ਪਾਉਣੇ ਪੈਂਦੇ ਹਨ।

ਸਨਦੀਪ : ਕੀ ਗੁਰਦਵਾਰੇ ਵਿੱਚ ਹਰ ਕੋਈ ਆ ਸਕਦਾ ਹੈ ?

ਮਨਦੀਪ : ਹਾਂ, ਗੁਰਦਵਾਰੇ ਵਿੱਚ ਕਿਸੇ ਨੂੰ ਵੀ ਜਾਣ ਤੋਂ ਰੋਕਿਆ ਨਹੀਂ ਜਾਂਦਾ। ਹਰ ਇਸਤਰੀ ਪੁਰਸ਼ ਭਾਵੇਂ ਉਹ ਕਿਸੇ ਵੀ ਧਰਮ, ਪਾਰਟੀ ਜਾਂ ਰੰਗ ਦਾ ਹੋਵੇ, ਗੁਰਦਵਾਰੇ ਜਾ ਸਕਦਾ ਹੈ ਪਰ ਗੁਰਦਵਾਰੇ ਦੇ ਅੰਦਰ ਜਾਣ ਤੋਂ ਪਹਿਲਾਂ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਪੈਂਦਾ ਹੈ।

ਸਨਦੀਪ : ਗੁਰਦਵਾਰੇ ਜਾਣ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਹੈ ?

ਮਨਦੀਪ : ਗੁਰਦਵਾਰੇ ਜਾਣ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ :

1) ਆਪਣਾ ਸਿਰ ਕਿਸੇ ਰੁਮਾਲ ਨਾਲ ਢੱਕ ਲੈਣਾ ਚਾਹੀਦਾ ਹੈ। ਜੇ ਤੁਸੀਂ ਪੱਗੜੀ ਬੰਨ੍ਹੀ ਹੈ ਜਾਂ ਚੁੰਨੀ ਲਈ ਹੋਈ ਹੈ ਤਾਂ ਠੀਕ ਹੈ।

2) ਤੁਹਾਡੇ ਪਾਸ ਕੋਈ ਤੰਬਾਕੂ ਵਾਲੀ ਚੀਜ਼ ਸਿਗਰਟ ਆਦਿ ਨਹੀਂ ਹੋਣੀ ਚਾਹੀਦੀ।

SIKHBOOKCLUB.COM

3) ਆਪਣੀ ਜੁੱਤੀ ਖੋਲ੍ਹ ਕੇ ਬਾਹਰ ਰੱਖਣੀ ਚਾਹੀਦੀ ਹੈ।

4) ਬੀਅਰ ਜਾਂ ਸ਼ਰਾਬ ਪੀ ਕੇ ਗੁਰਦਵਾਰੇ ਵਿੱਚ ਨਹੀਂ ਜਾਣਾ ਚਾਹੀਦਾ।

ਸਨਦੀਪ : ਗੁਰਦਵਾਰੇ ਦੇ ਅੰਦਰ ਜਾ ਕੇ ਕੀ ਕਰਨਾ ਚਾਹੀਦਾ ਹੈ ?

ਮਨਦੀਪ : ਗੁਰਦਵਾਰੇ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਬੈਠ ਜਾਣਾ ਚਾਹੀਦਾ ਹੈ।

ਸਨਦੀਪ : ਕੀ ਗੁਰਦਵਾਰੇ ਦੇ ਅੰਦਰ ਕਿਤੇ ਵੀ ਬੈਠ ਸਕਦੇ ਹੋ ?

ਮਨਦੀਪ : ਹਾਂ, ਤੁਸੀਂ ਕਿਤੇ ਵੀ ਬੈਠ ਸਕਦੇ ਹੋ ਪਰ ਆਮ ਤੌਰ ਤੇ ਇਸਤਰੀਆਂ ਇੱਕ ਪਾਸੇ ਅਤੇ ਪੁਰਸ਼ ਦੂਜੇ ਪਾਸੇ ਬੈਠਦੇ ਹਨ। ਇਹ ਇੱਕ ਰਿਵਾਜ ਹੀ ਬਣ ਗਿਆ ਹੈ, ਵੈਸੇ ਇਸ ਬਾਰੇ ਕੋਈ ਖ਼ਾਸ ਨਿਯਮ ਨਹੀਂ ਹਨ।

ਸਨਦੀਪ : ਤੈਨੂੰ ਤਾਂ ਮਨਦੀਪ ਗੁਰਦਵਾਰੇ ਬਾਰੇ ਬਹੁਤ ਜਾਣਕਾਰੀ ਹੈ। ਮੈਨੂੰ ਤਾਂ ਕੁਝ ਪਤਾ ਹੀ ਨਹੀਂ ਸੀ। ਮੈਂ ਤੇਰੇ ਕੋਲੋਂ ਅੱਜ ਬਹੁਤ ਕੁਝ ਸਿਖਿਆ ਹੈ। ਮੈਂ ਤੇਰਾ ਬਹੁਤ ਧੰਨਵਾਦੀ ਹਾਂ। ਕੀ ਤੂੰ ਮੈਨੂੰ ਗੁਰਦਵਾਰੇ ਅਤੇ ਸਿੱਖ ਧਰਮ ਬਾਰੇ ਕੁਝ ਹੋਰ ਗੱਲਾਂ ਵੀ ਦੱਸ ਸਕਦਾ ਹੈਂ ?

SIKHBOOKCLUB.COM

ਮਨਦੀਪ : ਅੱਜ ਤਾਂ ਨਹੀਂ ਕਿਉਂਕਿ ਅੱਜ ਮੈਂ ਘਰ ਜਲਦੀ ਜਾਣਾ ਹੈ ਪਰ ਫੇਰ ਕਿਤੇ ਜੇ ਸਮਾਂ ਮਿਲਿਆ ਤਾਂ ਜ਼ਰੂਰ ਦੱਸਾਂਗਾ।

# ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ੳ) ਗੁਰਦਵਾਰਾ ਕੀ ਹੁੰਦਾ ਹੈ ?

ਅ) ਲੋਕੀਂ ਗੁਰਦਵਾਰੇ ਕਿਉਂ ਜਾਂਦੇ ਹਨ ?

ੲ) ਇੰਗਲੈਂਡ ਵਿੱਚ ਜ਼ਿਆਦਾ ਲੋਕੀਂ ਕਿਸ ਦਿਨ ਗੁਰਦਵਾਰੇ ਜਾਂਦੇ ਹਨ ?

ਸ) ਕੋਈ ਤਿੰਨ ਗੱਲਾਂ ਲਿਖੋ ਜਿਨ੍ਹਾਂ ਦਾ ਗੁਰਦਵਾਰੇ ਦੇ ਅੰਦਰ ਜਾਣ ਤੋਂ ਪਹਿਲਾਂ ਖ਼ਿਆਲ ਰੱਖਣਾ ਚਾਹੀਦਾ ਹੈ।

ਹ) ਸਨਦੀਪ ਅਤੇ ਮਨਦੀਪ ਵਿੱਚੋਂ ਕਿਸ ਨੂੰ ਗੁਰਦਵਾਰੇ ਬਾਰੇ ਜ਼ਿਆਦਾ ਜਾਣਕਾਰੀ ਹੈ ?

SIKHBOOKCLUB.COM

2. ਖ਼ਾਲੀ ਥਾਵਾਂ ਭਰੋ :

ੳ) ਸਿੱਖਾਂ ਦਾ ਧਾਰਮਿਕ ਅਸਥਾਨ..............ਹੁੰਦਾ ਹੈ।

ਅ) ਸਿੱਖਾਂ ਦੀ ਧਾਰਮਿਕ ਕਿਤਾਬ ਦਾ ਨਾਂ.............. ਹੈ।

ੲ) ਗੁਰਦਵਾਰੇ ਵਿੱਚ..............ਕਰਨ ਵਾਲੇ ਨੂੰ ..............ਕਹਿੰਦੇ ਹਨ।

ਸ) ਗੁਰਦਵਾਰੇ ਦੇ ਅੰਦਰ ਜਾਣ ਤੋਂ ਪਹਿਲਾਂ ਆਪਣੀ .................. ਖੋਲ੍ਹ ਕੇ...................ਰੱਖ ਦੇਣੀ ਚਾਹੀਦੀ ਹੈ।

ਹ) ਸਨਦੀਪ ਅਤੇ ਮਨਦੀਪ ਵਿੱਚੋਂ...............ਨੂੰ ਗੁਰਦਵਾਰੇ ਬਾਰੇ ਜ਼ਿਆਦਾ ਜਾਣਕਾਰੀ ਸੀ।

**Answer the following questions in English :**

1. What is a Gurdwara ?
2. Why do people go to the Gurdwara ?
3. On what day do most people go to the Gurdwara in England ?
4. Write three things which people should do before entering the Gurdwara.
5. Who knows more about the Gurdwara—Sandeep or Mandeep ?

SIKHBOOKCLUB.COM

# ਚੂਹਿਆਂ ਦੀ ਮੀਟਿੰਗ

ਇੱਕ ਪਿੰਡ ਵਿੱਚ ਬਹੁਤ ਸਾਰੇ ਚੂਹੇ ਰਹਿੰਦੇ ਸੀ। ਉੱਥੇ ਇੱਕ ਬਿੱਲੀ ਵੀ ਰਹਿੰਦੀ ਸੀ। ਬਿੱਲੀ ਹਰ ਰੋਜ਼ ਇੱਕ ਚੂਹਾ ਫੜ ਕੇ ਖਾ ਲੈਂਦੀ ਸੀ। ਇਸ ਤੋਂ ਚੂਹੇ ਬੜੇ ਤੰਗ ਆ ਗਏ ਸਨ। ਉਨ੍ਹਾਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਸੀ।

ਚੂਹੇ ਹਰ ਰੋਜ਼ ਇੱਕ ਦੂਜੇ ਨਾਲ ਗੱਲਾਂ ਕਰਦੇ ਅਤੇ ਸੋਚਦੇ ਰਹਿੰਦੇ ਕਿ ਕਿਸ ਤਰ੍ਹਾਂ ਬਿੱਲੀ ਤੋਂ ਬਚਿਆ ਜਾਵੇ। ਕੁਝ ਸਿਆਣੇ ਚੂਹੇ ਕਾਫੀ ਦੇਰ ਸੋਚਣ ਤੋਂ ਬਾਅਦ ਇਸ ਸਿੱਟੇ ਉੱਤੇ ਪਹੁੰਚੇ ਕਿ ਇੱਕ ਦਿਨ ਸਾਰੇ ਚੂਹਿਆਂ ਦੀ ਮੀਟਿੰਗ ਬੁਲਾਉਣੀ ਚਾਹੀਦੀ ਹੈ ਤਾਂ ਕਿ ਬਿੱਲੀ ਤੋਂ ਬਚਣ ਲਈ ਕੋਈ ਨਾ ਕੋਈ ਸਕੀਮ ਬਣਾਈ ਜਾਵੇ।

ਆਖ਼ਰ ਉਹਨਾਂ ਨੇ ਇੱਕ ਦਿਨ ਮੀਟਿੰਗ ਬੁਲਾਈ ਜਿਸ ਵਿਚ ਪਿੰਡ ਦੇ ਸਾਰੇ ਚੂਹੇ ਇਕੱਠੇ ਹੋਏ। ਮੀਟਿੰਗ ਵਿੱਚ ਹਰ ਇੱਕ ਚੂਹੇ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਇੱਕ ਚੂਹੇ ਦੀ ਸਕੀਮ ਸਭ ਨੂੰ ਪਸੰਦ ਆਈ। ਉਸ ਨੇ ਕਿਹਾ ਕਿ ਬਿੱਲੀ ਦੇ ਗਲ ਵਿੱਚ ਇੱਕ ਟੱਲੀ ਬੰਨ੍ਹ ਦੇਣੀ ਚਾਹੀਦੀ ਹੈ ਜਿਸ ਨੂੰ



ਸੁਣ ਕੇ ਅਸੀਂ ਜਲਦੀ ਆਪਣੀਆਂ ਆਪਣੀਆਂ ਖੁੱਡਾਂ ਵਿੱਚ ਵੜ ਜਾਇਆ ਕਰਾਂਗੇ।

ਉਹਨਾਂ ਵਿੱਚੋਂ ਇੱਕ ਚੂਹਾ ਬਹੁਤ ਅਕਲਮੰਦ ਸੀ। ਉਸ ਨੇ ਕਿਹਾ ਕਿ ਇਹ ਸਕੀਮ ਤਾਂ ਬਹੁਤ ਚੰਗੀ ਹੈ ਪਰ ਬਿੱਲੀ ਦੇ ਗਲ ਵਿੱਚ ਟੱਲੀ ਬੰਨ੍ਹਣ ਦਾ ਕੌਣ ਹੌਸਲਾ ਕਰੇਗਾ। ਇਹ ਸੁਣ ਕੇ ਚੂਹੇ ਫੇਰ ਸੋਚਾਂ ਵਿੱਚ ਪੈ ਗਏ। ਅਜੇ ਚੂਹਿਆਂ ਦੀ ਮੀਟਿੰਗ ਜਾਰੀ ਹੀ ਸੀ ਕਿ ਸਾਹਮਣਿਓਂ ਬਿੱਲੀ ਆ ਗਈ। ਬਿੱਲੀ ਨੂੰ ਦੇਖ ਕੇ ਸਾਰੇ ਚੂਹੇ ਭੱਜ ਕੇ ਆਪਣੀਆਂ ਆਪਣੀਆਂ ਖੁੱਡਾਂ ਵਿੱਚ ਵੜ ਗਏ।

SIKHBOOKCLUB.COM

## ਅਭਿਆਸ (Exercise)

1. ਉੱਪਰ ਲਿਖੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਥੱਲੇ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

   ੳ) ਚੂਹੇ ਬਿੱਲੀ ਤੋਂ ਕਿਉਂ ਤੰਗ ਸਨ ?

   ਅ) ਬਿੱਲੀ ਤੋਂ ਬਚਣ ਲਈ ਚੂਹਿਆਂ ਨੇ ਕੀ ਸੋਚਿਆ ?

   ੲ) ਇੱਕ ਚੂਹੇ ਨੇ ਬਿੱਲੀ ਤੋਂ ਬਚਣ ਲਈ ਕੀ ਸਕੀਮ ਦੱਸੀ ?

   ਸ) ਇੱਕ ਅਕਲਮੰਦ ਚੂਹੇ ਨੇ ਕੀ ਕਿਹਾ ਸੀ ?

   ਹ) ਮੀਟਿੰਗ ਨੂੰ ਵਿਚਾਲੇ ਹੀ ਛੱਡ ਕੇ ਚੂਹੇ ਭੱਜ ਕੇ ਕਿੱਥੇ ਚਲੇ ਗਏ ?

   ਕ) ਚੂਹਿਆਂ ਨੂੰ ਅਚਾਨਕ ਮੀਟਿੰਗ ਛੱਡ ਕੇ ਕਿਉਂ ਭੱਜਣਾ ਪਿਆ ?



2. ਹੇਠ ਲਿਖੇ ਸ਼ਬਦਾਂ ਨੂੰ ਆਪਣੇ ਵਾਕਾਂ ਵਿੱਚ ਵਰਤੋ :

ਤੰਗ, ਗਿਣਤੀ, ਸਿਆਣਾ, ਸਿੱਟਾ, ਸਕੀਮ, ਵਿਚਾਰ, ਪ੍ਰਗਟ, ਟੱਲੀ, ਖੁੱਡ, ਅਕਲਮੰਦ, ਹੌਸਲਾ, ਸੋਚ, ਸਾਹਮਣਿਓਂ।

3. ਹੇਠ ਲਿਖਿਆਂ ਸ਼ਬਦਾਂ ਦੇ ਵਚਨ ਬਦਲੋ :

ਚੂਹਾ, ਬਿੱਲੀਆਂ, ਸਕੀਮ, ਮੀਟਿੰਗਾਂ, ਖੁੱਡ, ਸੋਚ, ਹੌਸਲਾ, ਗੱਲਾਂ, ਟੱਲੀ, ਚੰਗੀ, ਆਪਣੀਆਂ, ਆਪਣਾ, ਦਿਨਾਂ।

**Answer the following questions in English :**

1. Why were the mice unhappy?
2. What did the mice think to escape from the cat?
3. One mouse told the meeting a scheme to escape from the cat. What was it?
4. What did a wise mouse say about this scheme?
5. Where did the mice run to during the meeting?
6. Why did the mice have to run all of a sudden and leave the meeting?

SIKHBOOKCLUB.COM

# ਕਮਲਜੀਤ ਦਾ ਸਾਈਕਲ

ਕਮਲਜੀਤ ਇੱਕ ਮੁੰਡਾ ਹੈ। ਉਸ ਦੀ ਉਮਰ ਚੌਦਾਂ ਸਾਲ ਹੈ। ਉਹ ਸਾਈਕਲ ਚਲਾਉਣਾ ਬਹੁਤ ਪਸੰਦ ਕਰਦਾ ਹੈ। ਅੱਜ ਬਹੁਤ ਗਰਮੀ ਹੈ। ਸੂਰਜ ਚਮਕ ਰਿਹਾ ਹੈ। ਕਮਲਜੀਤ ਬਾਹਰ ਸੜਕ ਉੱਤੇ ਆਪਣਾ ਸਾਈਕਲ ਚਲਾ ਰਿਹਾ ਹੈ।

ਕਮਲਜੀਤ ਦੇ ਦੋਨੋਂ ਹੱਥ ਸਾਈਕਲ ਦੇ ਹੈਂਡਲ ਉੱਤੇ ਹਨ। ਉਸ ਨੇ ਇੱਕ ਹੱਥ ਨਾਲ ਸਾਈਕਲ ਦੀ ਬਰੇਕ ਵੀ ਹੈਂਡਲ ਦੇ ਨਾਲ ਫੜੀ ਹੋਈ ਹੈ ਤਾਂ ਕਿ ਉਹ ਸਾਈਕਲ ਨੂੰ ਜਦੋਂ ਚਾਹੇ ਖੜ੍ਹਾ ਕਰ ਸਕੇ। ਉਸ ਦੇ ਪੈਰ ਸਾਈਕਲ ਦੇ ਪੈਡਲ ਉੱਤੇ ਹਨ।

ਗਰਮੀਆਂ ਵਿੱਚ ਸਾਰੇ ਬੱਚੇ ਸਾਈਕਲ ਚਲਾਉਣਾ ਪਸੰਦ ਕਰਦੇ ਹਨ। ਪਰ ਕਈ ਬੱਚੇ ਸੜਕ ਉੱਤੇ ਧਿਆਨ ਨਾਲ ਸਾਈਕਲ ਨਹੀਂ ਚਲਾਉਂਦੇ। ਉਹ ਸੜਕ ਉੱਤੇ ਚੱਲਣ ਵਾਲੀਆਂ ਕਾਰਾਂ, ਲਾਰੀਆਂ ਅਤੇ ਟਰੱਕਾਂ ਦਾ ਕੋਈ ਖ਼ਿਆਲ ਨਹੀਂ ਰੱਖਦੇ ਜਿਸ ਕਰਕੇ ਕਈ ਵਾਰੀ ਐਕਸੀਡੈਂਟ ਹੋ ਜਾਂਦੇ ਹਨ।

ਸਾਈਕਲ ਚਲਾਉਣਾ ਸਿਹਤ ਲਈ ਬਹੁਤ ਚੰਗਾ ਹੈ।


COVENTRY 2

ਸਾਈਕਲ ਚਲਾਉਣ ਨਾਲ ਸਰੀਰ ਦੇ ਸਾਰੇ ਅੰਗਾਂ ਦੀ ਕਸਰਤ ਹੋ ਜਾਂਦੀ ਹੈ ਅਤੇ ਸਰੀਰ ਚੁਸਤ ਰਹਿੰਦਾ ਹੈ। ਪਰ ਸਾਈਕਲ ਚਲਾਉਣ ਸਮੇਂ ਸਾਰੇ ਬੱਚਿਆਂ ਨੂੰ ਬੜਾ ਧਿਆਨ ਰੱਖਣ ਦੀ ਲੋੜ ਹੈ। ਅੱਜ ਕੱਲ ਜਦੋਂ ਸੜਕਾਂ ਉੱਤੇ ਕਾਰਾਂ, ਟਰੱਕਾਂ ਅਤੇ ਬੱਸਾਂ ਦੀ ਭਾਰੀ ਗਿਣਤੀ ਹੁੰਦੀ ਹੈ, ਸਾਈਕਲ ਚਲਾਉਣਾ ਕੋਈ ਸੌਖਾ ਨਹੀਂ ਹੈ।

ਸਰਦੀਆਂ ਦੇ ਮੌਸਮ ਵਿੱਚ ਸਾਈਕਲ ਚਲਾਉਣਾ ਹੋਰ ਵੀ ਔਖਾ ਹੈ। ਖ਼ਾਸ ਕਰਕੇ ਇੰਗਲੈਂਡ ਅਤੇ ਕਈ ਹੋਰ ਸਰਦ ਦੇਸ਼ਾਂ ਵਿੱਚ ਜਿੱਥੇ ਠੰਡ ਅਤੇ ਬਰਫ਼ ਬਹੁਤ ਪੈਂਦੀ ਹੈ। ਬਰਫ਼ ਵਿੱਚ ਸਾਈਕਲ ਸਲਿਪ ਕਰ ਸਕਦਾ ਹੈ ਅਤੇ ਕਈ ਵਾਰੀ ਜੇ ਧਿਆਨ ਨਾਲ ਨਾ ਚਲਾਇਆ ਜਾਵੇ ਤਾਂ ਸੱਟਾਂ ਵੀ ਲੱਗ ਸਕਦੀਆਂ ਹਨ।

ਵੀਹ ਪੱਚੀ ਸਾਲ ਪਹਿਲਾਂ ਜਦੋਂ ਬਹੁਤੀਆਂ ਮੋਟਰਾਂ, ਕਾਰਾਂ ਅਤੇ ਗੱਡੀਆਂ ਨਹੀਂ ਹੁੰਦੀਆਂ ਸਨ ਤਾਂ ਲੋਕੀਂ ਜ਼ਿਆਦਾਤਰ ਸਾਈਕਲ ਹੀ ਚਲਾਇਆ ਕਰਦੇ ਸਨ। ਅੱਜ-ਕੱਲ੍ਹ ਸਿਆਣੇ ਲੋਕ ਸਾਈਕਲ ਘੱਟ ਹੀ ਚਲਾਉਂਦੇ ਹਨ। ਛੋਟੇ ਬੱਚੇ ਜਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਹੀ ਅੱਜ-ਕੱਲ੍ਹ ਸਾਈਕਲ ਚਲਾਉਂਦੇ ਦੇਖੇ ਜਾਂਦੇ ਹਨ।

# ਅਭਿਆਸ (Exercise)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਪੂਰੇ ਵਾਕਾਂ ਵਿੱਚ ਲਿਖੋ :

1. ਕਮਲਜੀਤ ਦੀ ਉਮਰ ਕਿੰਨੀ ਹੈ।
   1) ਪੰਦਰਾਂ ਸਾਲ।
   2) ਵੀਹ ਸਾਲ।
   3) ਚੌਦਾਂ ਸਾਲ।

2. ਕਮਲਜੀਤ ਬਾਹਰ ਕੀ ਕਰ ਰਿਹਾ ਹੈ ?
   1) ਸਾਈਕਲ ਚਲਾ ਰਿਹਾ ਹੈ।
   2) ਕਾਰ ਚਲਾ ਰਿਹਾ ਹੈ।
   3) ਫੁਟਬਾਲ ਖੇਡ ਰਿਹਾ ਹੈ।

3. ਕਮਲਜੀਤ ਦੇ ਹੱਥ ਕਿੱਥੇ ਹਨ ?
   1) ਕੋਟ ਦੀਆਂ ਜੇਬਾਂ ਵਿੱਚ।
   2) ਸਾਈਕਲ ਦੇ ਹੈਂਡਲ ਉੱਤੇ।
   3) ਪੈਂਟ ਦੀਆਂ ਜੇਬਾਂ ਵਿੱਚ।

4. ਕਮਲਜੀਤ ਦੇ ਪੈਰ ਕਿੱਥੇ ਹਨ ?
   1) ਪੈਡਲਾਂ ਉੱਤੇ।
   2) ਬੂਟਾਂ ਵਿੱਚ।
   3) ਰਜਾਈ ਵਿੱਚ।

5. ਸਾਈਕਲ ਚਲਾਉਣਾ ਕਦੋਂ ਔਖਾ ਹੁੰਦਾ ਹੈ।
   1) ਜਦੋਂ ਮੌਸਮ ਸਾਫ਼ ਅਤੇ ਧੁੱਪ ਹੋਵੇ।
   2) ਜਦੋਂ ਬਰਫ਼ ਪਈ ਹੋਈ ਹੋਵੇ।
   3) ਜਦੋਂ ਰੋਟੀਆਂ ਬਹੁਤੀਆਂ ਖਾਧੀਆਂ ਹੋਣ।

SIKHBOOKCLUB.COM

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

1) ਬਹੁਤੇ ਬੱਚੇ ਕਿਸ ਮੌਸਮ ਵਿੱਚ ਸਾਈਕਲ ਚਲਾਉਣਾ ਪਸੰਦ ਕਰਦੇ ਹਨ ?

2) ਸੜਕ ਉੱਤੇ ਸਾਈਕਲ ਚਲਾਉਣ ਵੇਲੇ ਬਹੁਤ ਧਿਆਨ ਕਿਉਂ ਰੱਖਣਾ ਚਾਹੀਦਾ ਹੈ ?

3) ਸਾਈਕਲ ਚਲਾਉਣਾ ਸਿਹਤ ਲਈ ਕਿਉਂ ਚੰਗਾ ਹੁੰਦਾ ਹੈ ?

4) ਕਿਸ ਮੌਸਮ ਵਿੱਚ ਸਾਈਕਲ ਚਲਾਉਣਾ ਬਹੁਤ ਔਖਾ ਹੁੰਦਾ ਹੈ ?

5) ਵੀਹ ਪੱਚੀ ਸਾਲ ਪਹਿਲਾਂ ਬਹੁਤੇ ਲੋਕੀਂ ਸਾਈਕਲ ਕਿਉਂ ਚਲਾਉਂਦੇ ਹੁੰਦੇ ਸਨ ?

**Answer the following questions in English :**

1. How old is Kamaljit?
2. What is Kamaljit doing outside?
3. Where are Kamaljit's hands?
4. Where are Kamaljit's feet?
5. When is cycling hard?
6. When do most children like cycling?
7. Why should people take more care cycling on the road?
8. Why is cycling useful for health?
9. Why did more people cycle about twenty-five years ago?

SIKHBOOKCLUB.COM

# THE LION AND THE MOUSE! ਸ਼ੇਰ ਅਤੇ ਚੂਹੀ






# ਸ਼ੇਰ ਅਤੇ ਚੂਹੀ

ਇੱਕ ਸ਼ੇਰ ਇੱਕ ਜੰਗਲ ਵਿੱਚ ਰਹਿੰਦਾ ਸੀ। ਗਰਮੀਆਂ ਦੇ ਦਿਨ ਸਨ। ਇੱਕ ਦਿਨ ਸ਼ੇਰ ਇੱਕ ਦਰਖ਼ੱਤ ਦੀ ਠੰਡੀ ਛਾਵੇਂ ਸੁੱਤਾ ਪਿਆ ਸੀ। ਲਾਗੇ ਹੀ ਇੱਕ ਖੁੱਡ ਵਿੱਚ ਇੱਕ ਚੂਹੀ ਰਹਿੰਦੀ ਸੀ। ਚੂਹੀ ਆਪਣੀ ਖੁੱਡ ਵਿੱਚੋਂ ਬਾਹਰ ਨਿਕਲੀ ਅਤੇ ਸ਼ੇਰ ਨੂੰ ਦੇਖ ਕੇ ਉਸ ਨੂੰ ਇੱਕ ਸ਼ਰਾਰਤ ਸੁੱਝੀ। ਉਹ ਸ਼ੇਰ ਦੇ ਸਰੀਰ ਉੱਤੇ ਚੜ੍ਹ ਗਈ ਤੇ ਡਾਨਸ ਕਰਨ ਲੱਗ ਪਈ।

SIKHBOOKCLUB.COM

ਸ਼ੇਰ ਨੂੰ ਝੱਟ ਜਾਗ ਆ ਗਈ। ਪਹਿਲਾਂ ਤਾਂ ਸ਼ੇਰ ਨੇ ਚੂਹੀ ਨੂੰ ਕੁਝ ਨਾ ਕਿਹਾ ਪਰ ਜਦ ਉਹ ਮਸਤੀ ਹੋਈ ਡਾਨਸ ਕਰਨ ਤੋਂ ਨਾ ਹਟੀ ਤਾਂ ਸ਼ੇਰ ਨੂੰ ਗ਼ੁੱਸਾ ਆ ਗਿਆ। ਉਸ ਨੇ ਚੂਹੀ ਨੂੰ ਆਪਣੇ ਪੰਜੇ ਵਿੱਚ ਫੜ ਲਿਆ। ਸ਼ੇਰ ਚੂਹੀ ਨੂੰ ਆਪਣੇ ਪੰਜੇ ਵਿੱਚ ਘੁੱਟ ਕੇ ਮਾਰਨ ਹੀ ਲੱਗਾ ਸੀ ਕਿ ਚੂਹੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਅਤੇ ਉਹ ਰੋਣ ਲੱਗ ਪਈ। ਚੂਹੀ ਨੇ ਸ਼ੇਰ ਨੂੰ ਬੜੀ ਨਿਮਰਤਾ ਨਾਲ ਕਿਹਾ, ‘‘ਹੇ ਜੰਗਲਾਂ ਦੇ ਬਾਦਸ਼ਾਹ, ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋ ਗਈ ਹੈ।





SIKHBOOKCLUB.COM

ਇਸ ਵਾਰੀ ਮੈਨੂੰ ਮੁਆਫ਼ ਕਰ ਦਿਓ ਅਤੇ ਅੱਗੇ ਤੋਂ ਮੈਂ ਕਦੇ ਵੀ ਐਸੀ ਗ਼ਲਤੀ ਨਹੀਂ ਕਰਾਂਗੀ।''


ਸ਼ੇਰ ਨੂੰ ਚੂਹੀ ਉੱਤੇ ਤਰਸ ਆ ਗਿਆ ਅਤੇ ਉਸ ਨੇ ਚੂਹੀ ਨੂੰ ਛੱਡ ਦਿੱਤਾ। ਚੂਹੀ ਨੇ ਸ਼ੇਰ ਦਾ ਬੜਾ ਧੰਨਵਾਦ ਕੀਤਾ। ਹੁਣ ਚੂਹੀ ਸ਼ੇਰ ਤੋਂ ਬੱਚ ਕੇ ਬਹੁਤ ਖ਼ੁਸ਼ ਸੀ। ਚੂਹੀ ਆਪਣੇ ਦਿਲ ਵਿੱਚ ਸੋਚਦੀ ਸੀ ਕਿ ਮੌਕਾ ਮਿਲਣ ਉੱਤੇ ਉਹ ਸ਼ੇਰ ਦੀ ਇਸ ਰਹਿਮ-ਦਿਲੀ ਦਾ ਜ਼ਰੂਰ ਬਦਲਾ ਚੁਕਾਏਗੀ। ਕੁਝ ਦਿਨਾਂ ਪਿੱਛੋਂ ਇੱਕ ਸ਼ਿਕਾਰੀ ਉਸ ਜੰਗਲ ਵਿੱਚ ਆਇਆ। ਉਸ ਨੇ ਸ਼ੇਰ ਨੂੰ ਫੜਨ ਲਈ ਆਪਣਾ ਜਾਲ ਲਾ ਦਿੱਤਾ। ਸ਼ੇਰ ਸ਼ਿਕਾਰੀ ਦੇ ਜਾਲ ਵਿੱਚ ਫਸ ਗਿਆ। ਉਸ ਨੇ ਆਪਣੇ ਆਪ ਨੂੰ ਜਾਲ ਤੋਂ ਛੁਡਾਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਜਾਲ ਤੋਂ ਬਾਹਰ ਨਾ ਆ ਸਕਿਆ। ਹੁਣ ਜਦੋਂ ਸ਼ੇਰ ਨੂੰ ਜਾਲ ਵਿੱਚੋਂ ਬਾਹਰ ਨਿਕਲਣ ਦੀ ਕੋਈ ਆਸ ਨਾ ਰਹੀ ਤਾਂ ਉਸ ਨੇ ਦਹਾੜਨਾ ਸ਼ੁਰੂ ਕਰ ਦਿੱਤਾ।

ਚੂਹੀ ਨੇ ਸ਼ੇਰ ਦੀ ਆਵਾਜ਼ ਨੂੰ ਝੱਟ ਪਛਾਣ ਲਿਆ। ਉਸ ਨੇ ਝੱਟ ਆਪਣੇ ਪਰਿਵਾਰ ਨੂੰ ਇਕੱਠਾ ਕੀਤਾ ਅਤੇ ਸਾਰੇ ਪਰਿਵਾਰ ਸਮੇਤ ਸ਼ੇਰ ਕੋਲ ਪਹੁੰਚ ਗਈ। ਉਹਨਾਂ ਨੇ ਝੱਟ ਆਪਣੇ ਤਿੱਖੇ ਦੰਦਾਂ ਨਾਲ ਜਾਲ ਨੂੰ ਕੱਟ ਦਿੱਤਾ ਅਤੇ ਸ਼ੇਰ



SIKHBOOKCLUB.COM





ਨੂੰ ਸ਼ਿਕਾਰੀ ਤੋਂ ਬਚਾਇਆ। ਹੁਣ ਸ਼ੇਰ ਨੇ ਚੂਹੀ ਅਤੇ ਉਸ ਦੇ ਪਰਿਵਾਰ ਦਾ ਧੰਨਵਾਦ ਕੀਤਾ।

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

   1) ਸ਼ੇਰ ਕਿੱਥੇ ਸੁੱਤਾ ਪਿਆ ਸੀ ?

   2) ਚੂਹੀ ਕਿੱਥੇ ਰਹਿੰਦੀ ਸੀ ?

   3) ਚੂਹੀ ਨੇ ਸ਼ੇਰ ਦੇ ਸਰੀਰ ਉੱਤੇ ਚੜ੍ਹ ਕੇ ਕੀ ਕੀਤਾ ?

4) ਸ਼ੇਰ ਚੂਹੀ ਨੂੰ ਪੰਜੇ ਵਿੱਚ ਘੁੱਟ ਕੇ ਕੀ ਕਰਨ ਲੱਗਾ ਸੀ ?

5) ਸ਼ੇਰ ਨੇ ਚੂਹੀ ਨੂੰ ਕਿਉਂ ਛੱਡ ਦਿੱਤਾ।

6) ਸ਼ਿਕਾਰੀ ਨੇ ਸ਼ੇਰ ਨੂੰ ਫੜਨ ਲਈ ਕੀ ਕੀਤਾ ?

7) ਜਦੋਂ ਸ਼ੇਰ ਨੂੰ ਜਾਲ ਤੋਂ ਬਾਹਰ ਨਿਕਲਣ ਦੀ ਕੋਈ ਆਸ ਨਾ ਰਹੀ ਤਾਂ ਸ਼ੇਰ ਨੇ ਕੀ ਕੀਤਾ ?

8) ਚੂਹੀ ਨੇ ਸ਼ੇਰ ਦੀ ਆਵਾਜ਼ ਸੁਣ ਕੇ ਕੀ ਕੀਤਾ ?

9) ਚੂਹੀ ਨੇ ਸ਼ੇਰ ਨੂੰ ਸ਼ਿਕਾਰੀ ਤੋਂ ਕਿਸ ਤਰ੍ਹਾਂ ਬਚਾਇਆ ?

10) ਸ਼ੇਰ ਨੇ ਚੂਹੀ ਦਾ ਧੰਨਵਾਦ ਕਿਉਂ ਕੀਤਾ ?

2. ਖ਼ਾਲੀ ਥਾਵਾਂ ਭਰੋ :

1) ਇੱਕ ਸ਼ੇਰ ਇੱਕ......................ਵਿੱਚ ਰਹਿੰਦਾ ਸੀ।

2) ਚੂਹੀ ਆਪਣੀ.........................ਵਿੱਚੋਂ ਬਾਹਰ ਨਿਕਲੀ ਅਤੇ..................ਨੂੰ ਦੇਖ ਕੇ ਉਸ ਨੂੰ ਇੱਕ..................... ਸੁੱਝੀ।

3) ਸ਼ੇਰ ਨੂੰ ਚੂਹੀ ਉੱਤੇ.....................ਆ ਗਿਆ।

4) ਕੁਝ ਦਿਨਾਂ ਪਿੱਛੋਂ ਇੱਕ.................................ਉਥੇ ਆ ਗਿਆ।

5) ਚੂਹੀ ਨੇ..............................ਦੀ ਆਵਾਜ਼ ਨੂੰ ਪਛਾਣ ਲਿਆ।

SIKHBOOKCLUB.COM

**Answer the following questions in English :**

1. Where was the lion sleeping ?
2. Where was the mouse ?
3. What did the mouse do after climbing on the lion's body ?
4. What was the lion about to do while holding the mouse in his paw ?

5. Why did the lion leave the mouse?
6. What did the hunter do to catch the lion?
7. What did the lion start to do when he had no hope to escape?
8. What did the mouse do after hearing the lion roar?
9. How did the mouse help the lion to get free?
10. Why did the lion thank the mouse?


SIKHBOOKCLUB.COM

# ਗਰਮੀਆਂ ਦੀ ਰੁੱਤ

ਗਰਮੀਆਂ ਦੀ ਰੁੱਤ ਸੀ। ਬੱਚੇ ਗਰਮੀਆਂ ਦੀ ਰੁੱਤ ਨੂੰ ਬਹੁਤ ਪਸੰਦ ਕਰਦੇ ਹਨ। ਉਹ ਸਾਰਾ ਦਿਨ ਘਰ ਤੋਂ ਬਾਹਰ ਰਹਿਣਾ ਚਾਹੁੰਦੇ ਹਨ। ਪਾਰਕਾਂ ਵਿੱਚ ਫੁਟਬਾਲ ਅਤੇ ਹੋਰ ਕਈ ਖੇਡਾਂ ਖੇਡਦੇ ਹਨ। ਕਈ ਬੱਚੇ ਤਾਂ ਆਪਣਾ ਖਾਣ ਪੀਣ ਦਾ ਸਮਾਂ ਵੀ ਭੁੱਲ ਜਾਂਦੇ ਹਨ ਅਤੇ ਖੇਡਾਂ ਵਿੱਚ ਹੀ ਮਸਤ ਰਹਿੰਦੇ ਹਨ।

ਬੁੱਢੇ ਲੋਕ ਵੀ ਗਰਮੀਆਂ ਨੂੰ ਬਹੁਤ ਪਸੰਦ ਕਰਦੇ ਹਨ। ਉਹ ਵੀ ਪਾਰਕਾਂ ਵਿੱਚ ਜਾ ਕੇ ਇੱਕ ਦੂਜੇ ਨਾਲ ਗੱਲਾਂ ਕਰਦੇ ਹਨ। ਅਖ਼ਬਾਰਾਂ ਦੀਆਂ ਖ਼ਬਰਾਂ ਇੱਕ ਦੂਜੇ ਨੂੰ ਸੁਣਾਉਂਦੇ ਹਨ। ਕਈ ਬੁੱਢੇ ਲੋਕ ਆਪਣੀਆਂ ਔਕੜਾਂ ਇੱਕ ਦੂਜੇ ਨੂੰ ਦੱਸਦੇ ਹਨ। ਕਈ ਤਾਸ਼ ਖੇਡਦੇ ਹਨ ਅਤੇ ਇੱਕ ਦੂਜੇ ਨੂੰ ਮਖ਼ੌਲ ਕਰਦੇ ਹਨ। ਉਹ ਸਰਦੀਆਂ ਨੂੰ ਬਿਲਕੁਲ ਪਸੰਦ ਨਹੀਂ ਕਰਦੇ ਕਿਉਂਕਿ ਸਰਦੀਆਂ ਨੂੰ ਉਹ ਘਰਾਂ ਵਿੱਚ ਹੀ ਬੰਦ ਰਹਿੰਦੇ ਹਨ।

ਇੱਕ ਦਿਨ ਬਹੁਤ ਗਰਮੀ ਸੀ। ਇੱਕ ਆਈਸ-ਕਰੀਮ ਵਾਲੀ ਵੈਨ ਸਾਡੇ ਘਰ ਦੇ ਸਾਹਮਣੇ ਆ ਕੇ ਖੜ੍ਹ ਗਈ। ਵੈਨ ਵਾਲੇ ਨੇ ਘੰਟੀਆਂ ਵਜਾਉਣੀਆਂ ਸ਼ੁਰੂ ਕੀਤੀਆਂ। ਘੰਟੀਆਂ ਦੀ



SIKHBOOKCLUB.COM

ਆਵਾਜ਼ ਸੁਣ ਕੇ ਆਂਢ ਗੁਆਂਢ ਦੇ ਬੱਚੇ ਵੈਨ ਵੱਲ ਭੱਜਣ ਲੱਗੇ। ਕਈ ਬੱਚੇ ਤਾਂ ਆਪਣੀਆਂ ਖੇਡਾਂ ਨੂੰ ਵੀ ਵਿਚਾਲੇ ਹੀ ਛੱਡ ਕੇ ਦੌੜੇ। ਗਰਮੀਆਂ ਦੀ ਰੁੱਤ ਵਿੱਚ ਬੱਚੇ ਆਈਸ-ਕਰੀਮ ਨੂੰ ਬਹੁਤ ਪਸੰਦ ਕਰਦੇ ਹਨ।

## ਅਭਿਆਸ (Exercise)

1. ਖ਼ਾਲੀ ਥਾਵਾਂ ਭਰੋ :

   1) ਬੱਚੇ.................ਦੀ ਰੁੱਤ ਨੂੰ ਬਹੁਤ.................. ਕਰਦੇ ਹਨ।

   2) ਕਈ ਬੱਚੇ ਤਾਂ ਆਪਣਾ ਖਾਣ ਪੀਣ ਦਾ.................. ਵੀ ਭੁੱਲ ਜਾਂਦੇ ਹਨ ਅਤੇ..................ਵਿੱਚ ਹੀ ਮਸਤ ਰਹਿੰਦੇ ਹਨ।


   3) ਬੁੱਢੇ..................ਵੀ..................ਨੂੰ ਬਹੁਤ ਪਸੰਦ ਕਰਦੇ ਹਨ।

   4) ਇੱਕ ਆਈਸ-ਕਰੀਮ ਵਾਲੀ.........................ਸਾਡੇ ਘਰ ਦੇ ...............ਆ ਕੇ ਖੜ੍ਹ ਗਈ। ਕਈ ਬੱਚੇ ਤਾਂ ਆਪਣੀਆਂ ...............ਨੂੰ ਵੀ .................. ਹੀ ਛੱਡ ਕੇ ਦੌੜੇ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਤੋਂ ਵੱਧ ਦਿੱਤੇ ਗਏ ਹਨ। ਇਹਨਾਂ ਵਿੱਚੋਂ ਇੱਕ ਉੱਤਰ ਠੀਕ ਹੈ ਅਤੇ ਬਾਕੀ ਗ਼ਲਤ। ਠੀਕ ਉੱਤਰ ਲੱਭ ਕੇ ਪੂਰੇ ਵਾਕਾਂ ਵਿੱਚ ਆਪਣੀ ਕਾਪੀ ਵਿੱਚ ਲਿਖੋ :

   ੳ) ਕਈ ਬੱਚੇ ਆਪਣਾ ਖਾਣ ਪੀਣ ਦਾ ਸਮਾਂ ਕਿਉਂ ਭੁੱਲ ਜਾਂਦੇ ਹਨ ?

      1) ਉਹਨਾਂ ਨੂੰ ਭੁੱਖ ਨਹੀਂ ਲੱਗਦੀ।



2) ਉਹ ਖੇਡਾਂ ਵਿੱਚ ਮਸਤ ਰਹਿੰਦੇ ਹਨ।

3) ਉਹ ਖਾਣਾ ਪਸੰਦ ਨਹੀਂ ਕਰਦੇ।

ਅ) ਬੁੱਢੇ ਲੋਕ ਸਰਦੀਆਂ ਨੂੰ ਕਿਉਂ ਪਸੰਦ ਨਹੀਂ ਕਰਦੇ ?

1) ਕਿਉਂਕਿ ਉਹ ਬਜ਼ਾਰ ਨੂੰ ਨਹੀਂ ਜਾ ਸਕਦੇ।

2) ਕਿਉਂਕਿ ਉਹ ਇੱਕ ਦੂਜੇ ਨੂੰ ਪਾਰਕਾਂ ਵਿੱਚ ਨਹੀਂ ਮਿਲ ਸਕਦੇ।

3) ਕਿਉਂਕਿ ਉਹ ਘਰਾਂ ਵਿੱਚ ਹੀ ਬੰਦ ਰਹਿੰਦੇ ਹਨ।

ੲ) ਆਈਸ-ਕਰੀਮ ਦੀ ਵੈਨ ਕਿੱਥੇ ਆ ਕੇ ਖੜ੍ਹ ਗਈ ?

1) ਸਾਡੇ ਘਰ ਦੇ ਸਾਹਮਣੇ।

2) ਪਾਰਕ ਵਿੱਚ।

SIKHBOOKCLUB.COM

3) ਸਾਡੇ ਸਕੂਲ ਕੋਲ।

ਸ) ਬੱਚੇ ਆਈਸ-ਕਰੀਮ ਦੀ ਵੈਨ ਵੱਲ ਕਿਉਂ ਭੱਜਣ ਲੱਗੇ ?

1) ਫੁੱਟਬਾਲ ਖੇਡਣ ਲਈ।

2) ਆਈਸ-ਕਰੀਮ ਲੈਣ ਲਈ।

3) ਆਈਸ-ਕਰੀਮ ਦੀ ਵੈਨ ਦੇਖਣ ਲਈ।

3. ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ ਆਪਣੀ ਕਾਪੀ ਵਿੱਚ ਲਿਖੋ।

1) ਗਰਮੀਆਂ ਦੀ ਰੁੱਤ ਬਾਰੇ ਕੋਈ ਪੰਜ ਵਾਕ ਲਿਖੋ।

2) ਸਰਦੀਆਂ ਦੀ ਰੁੱਤ ਬਾਰੇ ਕੋਈ ਪੰਜ ਵਾਕ ਲਿਖੋ।

**Answer the following questions in English :**

1. Why do some children forget to eat when playing?
2. Why do old people not like winter?
3. Where did the Ice-Cream Van stop?
4. Why did the children run towards the Ice-Cream Van?
5. Write any five sentences about summer.
6. Write any five sentences about winter.

SIKHBOOKCLUB.COM

# ਕੁਲਬੀਰ ਅਤੇ ਸੰਦੀਸ਼

ਕੁਲਬੀਰ ਇੱਕ ਬਹੁਤ ਚੰਗੀ ਕੁੜੀ ਹੈ। ਉਹ ਹਰ ਰੋਜ਼ ਸਵੇਰੇ ਸਾਢੇ ਛੇ ਵਜੇ ਸੁੱਤੀ ਉਠਦੀ ਹੈ। ਪੌਣੇ ਸੱਤ ਵਜੇ ਤਕ ਉਹ ਆਪਣਾ ਹੱਥ ਮੂੰਹ ਧੋ ਲੈਂਦੀ ਹੈ। ਫੇਰ ਉਸ ਦੇ ਮੰਮੀ ਜੀ ਕੁਲਬੀਰ ਨੂੰ ਇੱਕ ਚਾਹ ਦਾ ਕੱਪ ਲਿਆ ਕੇ ਦਿੰਦੇ ਹਨ। ਚਾਹ ਪੀ ਕੇ ਉਹ ਸੱਤ ਵਜੇ ਪੜ੍ਹਾਈ ਕਰਨੀ ਸ਼ੁਰੂ ਕਰ ਦਿੰਦੀ ਹੈ।

ਕੁਲਬੀਰ ਦੀ ਉਮਰ ਚੌਦਾਂ ਸਾਲ ਹੈ। ਉਹ ਸੈਕੰਡਰੀ ਸਕੂਲ ਵਿੱਚ ਪੜ੍ਹਦੀ ਹੈ। ਉਸ ਨੂੰ ਪੜ੍ਹਾਈ ਦਾ ਬਹੁਤ ਕੰਮ ਕਰਨਾ ਪੈਂਦਾ ਹੈ ਕਿਉਂਕਿ ਉਹ ਪੜ੍ਹਾਈ ਤੋਂ ਬਾਅਦ ਇੱਕ ਚੰਗੀ ਨੌਕਰੀ ਉੱਤੇ ਲੱਗਣਾ ਚਾਹੁੰਦੀ ਹੈ। ਕੁਲਬੀਰ ਨੂੰ ਪਤਾ ਹੈ ਕਿ ਅੱਜ-ਕੱਲ੍ਹ ਚੰਗੀ ਪੜ੍ਹਾਈ ਤੋਂ ਬਿਨਾਂ ਕੋਈ ਚੰਗੀ ਨੌਕਰੀ ਨਹੀਂ ਮਿਲਦੀ। ਇਸ ਲਈ ਉਹ ਹਰ ਰੋਜ਼ ਰਾਤ ਨੂੰ ਸਾਢੇ ਸੱਤ ਵਜੇ ਤੋਂ ਦਸ ਵਜੇ ਤਕ ਅਤੇ ਸਵੇਰ ਨੂੰ ਸੱਤ ਵਜੇ ਤੋਂ ਪੌਣੇ ਅੱਠ ਵਜੇ ਤਕ ਦਿਲ ਲਾ ਕੇ ਪੜ੍ਹਾਈ ਕਰਦੀ ਹੈ।

ਕੁਲਬੀਰ ਦਾ ਇੱਕ ਛੋਟਾ ਭਰਾ ਹੈ। ਉਸ ਦਾ ਨਾਂ ਸੰਦੀਸ਼ ਹੈ। ਸੰਦੀਸ਼ ਦੀ ਉਮਰ ਅੱਠ ਸਾਲ ਹੈ। ਉਹ ਅਜੇ ਜੂਨੀਅਰ ਸਕੂਲ



ਵਿੱਚ ਹੀ ਪੜ੍ਹਦਾ ਹੈ। ਸੰਦੀਸ਼ ਕੁਲਬੀਰ ਦੇ ਨਾਲ ਰਾਤ ਨੂੰ ਸਾਢੇ ਸੱਤ ਵਜੇ ਤੋਂ ਸਵਾ ਨੌਂ ਵਜੇ ਤਕ ਪੜ੍ਹਦਾ ਹੈ। ਫੇਰ ਉਹ ਸੌਂ ਜਾਂਦਾ ਹੈ ਅਤੇ ਕੁਲਬੀਰ ਦਸ ਵਜੇ ਤਕ ਇਕੱਲੀ ਹੀ ਪੜ੍ਹਦੀ ਰਹਿੰਦੀ ਹੈ। ਸੰਦੀਸ਼ ਸਵੇਰ ਨੂੰ ਵੀ ਕੁਲਬੀਰ ਦੇ ਨਾਲ ਨਹੀਂ ਉਠਦਾ। ਕੁਲਬੀਰ ਉਸ ਨੂੰ ਸਾਢੇ ਸੱਤ ਵਜੇ ਜਗਾਉਂਦੀ ਹੈ ਅਤੇ ਉਹ ਪੌਣੇ ਅੱਠ ਵਜੇ ਤਕ ਆਪਣਾ ਹੱਥ ਮੂੰਹ ਧੋ ਲੈਂਦਾ ਹੈ।

ਕੁਲਬੀਰ ਅਤੇ ਸੰਦੀਸ਼ ਦੇ ਮੰਮੀ ਜੀ ਇੱਕ ਫ਼ੈਕਟਰੀ ਵਿੱਚ ਕੰਮ ਕਰਦੇ ਹਨ। ਉਹ ਪੌਣੇ ਅੱਠ ਵਜੇ ਸਵੇਰ ਨੂੰ ਘਰੋਂ ਚਲੇ ਜਾਂਦੇ ਹਨ। ਜਾਣ ਤੋਂ ਪਹਿਲਾਂ ਉਹ ਕੁਲਬੀਰ ਅਤੇ ਸੰਦੀਸ਼ ਲਈ ਬ੍ਰੇਕਫ਼ਾਸਟ ਬਣਾ ਕੇ ਰੱਖ ਜਾਂਦੇ ਹਨ। ਉਹਨਾਂ ਦੇ ਡੈਡੀ ਜੀ ਵੀ ਫ਼ੈਕਟਰੀ ਵਿੱਚ ਕੰਮ ਕਰਦੇ ਹਨ। ਦੋਨੋਂ ਮੰਮੀ ਜੀ ਅਤੇ ਡੈਡੀ ਜੀ ਪੌਣੇ ਅੱਠ ਵਜੇ ਘਰ ਤੋਂ ਕੰਮ ਉੱਤੇ ਚਲੇ ਜਾਂਦੇ ਹਨ।

ਦੋਨੋਂ ਕੁਲਬੀਰ ਅਤੇ ਸੰਦੀਸ਼ ਇਕੱਠੇ ਅੱਠ ਵਜੇ ਆਪਣਾ ਬ੍ਰੇਕਫ਼ਾਸਟ ਖਾਂਦੇ ਹਨ ਅਤੇ ਫੇਰ ਆਪਣੇ ਆਪਣੇ ਸਕੂਲ ਨੂੰ ਪੈਦਲ ਚਲੇ ਜਾਂਦੇ ਹਨ।

# ਅਭਿਆਸ (Exercise)

1. ਖ਼ਾਲੀ ਥਾਵਾਂ ਭਰੋ :

   1) ਕੁਲਬੀਰ ਦੇ ਮੰਮੀ ਜੀ ਉਸ ਨੂੰ ਇੱਕ........................ ਦਾ ਕੱਪ ਲਿਆ ਕੇ ਦਿੰਦੇ ਹਨ।

   2) ਕੁਲਬੀਰ ਦੀ ਉਮਰ................ਸਾਲ ਹੈ।

   3) ਕੁਲਬੀਰ ਨੂੰ ਪਤਾ ਹੈ ਕਿ ਅੱਜ-ਕੱਲ੍ਹ ਚੰਗੀ.................... ਤੋਂ ਬਿਨਾਂ ਕੋਈ ਚੰਗੀ....................ਨਹੀਂ ਮਿਲਦੀ।

   4) ਸੰਦੀਸ਼ ਦੀ ਭੈਣ ਦਾ ਨਾਂ................ਹੈ।

   5) ਸੰਦੀਸ਼ ਅਜੇ................ਸਕੂਲ ਵਿੱਚ ਪੜ੍ਹਦਾ ਹੈ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

   1) ਕੁਲਬੀਰ ਕਿੰਨੇ ਵਜੇ ਸੁੱਤੀ ਉਠਦੀ ਹੈ ?

   2) ਚਾਹ ਪੀ ਕੇ ਕੁਲਬੀਰ ਕੀ ਕਰਦੀ ਹੈ ?

   3) ਕੁਲਬੀਰ ਬਹੁਤੀ ਪੜ੍ਹਾਈ ਕਿਉਂ ਕਰਦੀ ਹੈ ?

   4) ਕੁਲਬੀਰ ਦੀ ਪੜ੍ਹਾਈ ਦਾ ਕੀ ਕੀ ਟਾਈਮ ਹੈ ?

   5) ਸੰਦੀਸ਼ ਕਿਸ ਸਕੂਲ ਵਿੱਚ ਪੜ੍ਹਦਾ ਹੈ ?

   6) ਸੰਦੀਸ਼ ਆਪਣੀ ਭੈਣ ਕੁਲਬੀਰ ਨਾਲੋਂ ਕਿੰਨੇ ਸਾਲ ਛੋਟਾ ਹੈ ?

   7) ਕੁਲਬੀਰ ਆਪਣੇ ਛੋਟੇ ਭਰਾ ਸੰਦੀਸ਼ ਨੂੰ ਕਦੋਂ ਜਗਾਉਂਦੀ ਹੈ ?

   8) ਸੰਦੀਸ਼ ਅਤੇ ਕੁਲਬੀਰ ਦੇ ਮੰਮੀ ਅਤੇ ਡੈਡੀ ਜੀ ਕਿਥੇ ਕੰਮ ਕਰਦੇ ਹਨ ?

   9) ਸੰਦੀਸ਼ ਅਤੇ ਕੁਲਬੀਰ ਦਾ ਬ੍ਰੇਕ.ਫ਼ਾਸਟ ਕੌਣ ਬਣਾਉਂਦਾ ਹੈ ?

   10) ਉਹ ਬ੍ਰੇਕ.ਫ਼ਾਸਟ ਕਦੋਂ ਖਾਂਦੇ ਹਨ ?

SIKHBOOKCLUB.COM

3. ਆਪਣੀ ਕਾਪੀ ਵਿੱਚ ਲਿਖੋ :

| ਇੱਕ-ਵਚਨ | ਬਹੁ-ਵਚਨ |
|---|---|
| Singular | Plural |
| ਚੰਗਾ | ਚੰਗੇ |
| ਦਿੰਦਾ | ਦਿੰਦੇ |
| ਪੈਂਦਾ | ਪੈਂਦੇ |
| ਜਾਂਦਾ | ਜਾਂਦੇ |
| ਉਠਦਾ | ਉਠਦੇ |
| ਪੜ੍ਹਦਾ | ਪੜ੍ਹਦੇ |
| ਛੋਟਾ | ਛੋਟੇ |
| ਜਗਾਉਂਦਾ | ਜਗਾਉਂਦੇ |
| ਲੈਂਦਾ | ਲੈਂਦੇ |
| ਖਾਂਦਾ | ਖਾਂਦੇ |
| ਸਾਲ | ਸਾਲਾਂ |
| ਫ਼ੈਕਟਰੀ | ਫ਼ੈਕਟਰੀਆਂ |
| ਨੌਕਰੀ | ਨੌਕਰੀਆਂ |
| ਰਹਿੰਦਾ | ਰਹਿੰਦੇ |
| ਸਕੂਲ | ਸਕੂਲਾਂ |
| ਉਹ | ਉਹਨਾਂ |
| ਪੜ੍ਹਾਈ | ਪੜ੍ਹਾਈਆਂ |

SIKHBOOKCLUB.COM

**Answer the following questions in English :**

1. At what time does Kulbir get up?
2. What does Kulbir do after taking tea?
3. Why does Kulbir work hard in her studies?
4. What are the times of Kulbir's study?
5. What is the name of Sandish's school?
6. By how many years is Sandish younger than Kulbir?
7. When does Kulbir wake her younger brother Sandish up?
8. Where do Kulbir and Sandish's parents work?
9. Who prepares breakfast for Kulbir and Sandish?
10. When do they eat their breakfast?

SIKHBOOKCLUB.COM

# ਪਾਠ 1
## ਰਸਬੀਰ

| Panjabi | English | Panjabi | English |
|---|---|---|---|
| ਹੱਥ | hand | ਵਿੱਚ | in |
| ਕਿਤਾਬ | book | ਹੈ | is |
| ਉਹ | he | ਆਪਣੇ | his/her |
| ਕਮਰੇ | room | ਕੁਰਸੀ | chair |
| ਉਤੇ | on | ਬੈਠਾ | sitting |
| ਉਸਦੀ | his | ਮੇਜ਼ | table |
| ਉਸ ਦੀਆਂ | his | ਕੁਝ | some |
| ਕਿਤਾਬਾਂ | books | ਹਨ | are |
| ਨੂੰ | to | ਅਤੇ | and |
| ਬਾਕੀ | other | ਚੀਜ਼ਾਂ | things |
| ਬੈਗ | bag | ਕੋਲ | near |
| ਥੱਲੇ | on the floor | ਪਿਆ ਹੈ | is lying |
| ਕੀ | what | ਕਰਦਾ ਹੈ | does |
| ਚਲਾਉਂਦਾ | drives | ਖੇਡਦਾ | plays |
| ਰੁਮਾਲ | handkerchief | ਪੜ੍ਹਦਾ | reads |
| ਕਿੱਥੇ | where | ਸਾਰੀਆਂ | all |
| ਲਿਸਟ | list | ਬਣਾ ਕੇ | prepare |
| ਲਿਖੋ | write | | |

SIKHBOOKCLUB.COM

## ਪਾਠ 2
# ਸੁਜ਼ਨ ਦੀ ਮੰਮੀ ਰਸੋਈ ਵਿੱਚ

| Panjabi | English | Panjabi | English |
|---|---|---|---|
| ਰਸੋਈ | kitchen | ਵਿੱਚ | in |
| ਹੈ | is | ਉਹ | She |
| ਸਾਫ਼ ਸੁਥਰਾ | neat and clean | ਰੱਖਣਾ | keep |
| ਪਸੰਦ ਕਰਦੀ ਹੈ | likes | ਹਰ ਰੋਜ਼ | everyday |
| ਘੱਟ ਤੋਂ ਘੱਟ | at least | ਇੱਕ ਵਾਰ | once |
| ਸਾਫ਼ ਕਰਦੀ ਹੈ | cleans | ਆਪਣਾ | her |
| ਬਹੁਤ ਸਮਾਂ | lot of time | ਗੁਜ਼ਾਰਦੀ ਹੈ | spends |
| ਨਾਂ | name | ਕੋਲ | near |
| ਖੜ੍ਹੀ ਹੈ | standing | ਕਾਫੀ | lot of |
| ਜੂਠੇ | dirty | ਭਾਂਡੇ | utensils |
| ਧੋਂਦੀ ਹੈ | washes | ਬਾਕੀ | other |
| ਅੱਜ | to-day | ਕੰਮ | work |
| ਖ਼ਤਮ ਕਰਕੇ | after finishing | ਬਜ਼ਾਰ | market |
| ਜਾਣਾ ਹੈ | to go | ਵੀ | also |
| ਨਾਲ | with | ਜਾਵੇਗੀ | will go |
| ਇਸ ਕਰਕੇ | therefore | ਬਹੁਤ | very |
| ਖ਼ੁਸ਼ ਹੈ | happy | ਕਿੱਥੇ | where |
| ਕੀ | what | ਕੱਪੜੇ | clothes |
| ਖਾਣ ਪੀਣ ਦੀਆਂ ਚੀਜ਼ਾਂ | eatable things | ਦਰਵਾਜ਼ਾ | door |
| | | ਬਾਹਰ | outside |
| ਕਿਉਂ | why | ਕਿਉਂਕਿ | because |
| ਚੀਜ਼ਾਂ | things | ਜਿਹੜੀਆਂ | which |

SIKHBOOKCLUB.COM

## ਪਾਠ 3

# ਮਿਸਿਜ਼ ਜੋਨਜ਼

| Panjabi | English | Panjabi | English |
|---|---|---|---|
| ਇੱਕ | one | ਪਰਾਮ | pram |
| ਧੱਕੀ ਜਾ ਰਹੀ ਹੈ | pushing | ਵੱਲ | towards |
| ਮੁੰਡਾ | son | ਉਸਦਾ | her |
| ਆਪਣਾ | her | ਸੁੱਤਾ ਪਿਆ ਹੈ | sleeping |
| ਵੀ | also | ਕੁੱਤਾ | dog |
| ਬੰਨ੍ਹਿਆ ਹੋਇਆ | tied | ਨਾਲ | with |
| ਬਾਹਰ ਜਾਣਾ | going outside | ਨਾਮ | name |
| ਜਦੋਂ ਵੀ | whenever | ਪਸੰਦ ਕਰਦਾ ਹੈ | likes |
| ਪਤੀ | husband | ਨਾਲ ਲੈ ਜਾਂਦੀ ਹੈ | takes with her |
| ਅਤੇ | and | ਕੰਮ ਕਰਦਾ ਹੈ | works |
| ਪਰ | but | ਦੇਖ ਭਾਲ | look after |
| ਹੋਰ | other | ਘਰ ਦਾ ਕੰਮ | household job |
| ਕਿੰਨੀ ਕੁ ਦੂਰ | how far | | |

## ਪਾਠ 4

# ਮਿਸਿਜ਼ ਜੋਨਜ਼ ਬਜ਼ਾਰ ਵਿੱਚ

| Panjabi | English | Panjabi | English |
|---|---|---|---|
| ਪਹੁੰਚ ਗਈ ਹੈ | reached | ਹਰ ਤਰ੍ਹਾਂ | all kinds |
| ਦੁਕਾਨਾਂ | shops | ਮੀਟ | meat |
| ਕੁਝ | some | ਫਲ | fruit |
| ਖ਼ਰੀਦਣਾ | to buy | ਇਸ ਲਈ | therefore |
| ਸਾਰੇ | all | ਦੁਕਾਨ ਵਾਲਾ | Shopkeeper |
| ਬੜੇ ਸਜਾ ਕੇ ਰੱਖੇ ਹੋਏ ਹਨ | arranged them in good order | ਇਸ | this |
| | | ਤੋਂ | from |
| ਵਾਕ | sentences | ਤੁਸੀਂ | you |
| ਆਪਣੇ ਸ਼ਬਦਾਂ | in your own words | ਕੇਲੇ | bananas |
| | | ਅੰਗੂਰ | grapes |
| ਸੰਗਤਰੇ | oranges | ਖ਼ਰਬੂਜ਼ੇ | melons |
| ਅੰਬ | mangoes | ਸੇਬ | apples |
| ਹੋਰ ਕਈ ਤਰ੍ਹਾਂ | many other types | ਕੋਈ ਬਹੁਤ ਦੂਰ ਨਹੀਂ | not very far |
| ਤੁਰ ਕੇ | walk | ਖ਼ੁਸ਼ | happy |
| ਕਸਰਤ | exercise | ਮਿਲਦਾ ਹੈ | meets |
| ਅਚਾਨਕ | by chance | | |

SIKHBOOKCLUB.COM

## ਪਾਠ 5

# ਜਸਵੀਰ

| Panjabi | English | Panjabi | English |
|---|---|---|---|
| ਮੈਂ | I | ਕੁੜੀ | girl |
| ਹਾਂ | am | ਮੇਰਾ | my |
| ਕੱਦ | height | ਫੁੱਟ | feet |
| ਵਾਲ | hair | ਕਾਲੇ | black |
| ਅੱਖਾਂ | eyes | ਨੀਲੀਆਂ | blue |
| ਹਨ | are | ਜਨਮ | birth |
| ਪੜ੍ਹਦੀ ਹਾਂ | study | ਛੋਟੀ/ਛੋਟਾ | younger |
| ਇਸੇ ਸਕੂਲ ਵਿੱਚ | in the same school | ਵੱਡਾ | elder |
| | | ਸਾਡਾ ਘਰ | our home |
| ਬਿਲਕੁਲ | quite | ਨੇੜੇ | near |
| ਕਾਪੀ | exercise book | ਤੁਰ ਕੇ | walk |
| ਜਸਵੀਰ ਦੀ ਤਰ੍ਹਾਂ | iike Jasvir | ਆਪਣੇ ਆਪ | yourself |
| ਦਸ ਵਾਕ | ten sentences | ਉਪਰਲੀ | above |
| ਸੂਚਨਾ | information | ਬਦਲ | change |
| ਕਿੰਨੇ | how many | ਲਿਖੋ | write |
| ਭੈਣ | sister | ਭਰਾ | brother |
| ਕਿਉਂ | why | ਨਹੀਂ | not |

SIKHBOOKCLUB.COM

# ਪਾਠ 6
# ਸਰੀਰ ਦੇ ਅੰਗ

| Panjabi | English | Panjabi | English |
|---|---|---|---|
| ਸਰੀਰ | body | ਦੇ | of |
| ਅੰਗ | parts | ਸਾਡਾ | our |
| ਮਿਲਾ ਕੇ ਬਣਿਆ ਹੈ | is made of | ਕਈ | several |
| ਸਿਰ | head | ਜਿਵੇਂ ਕਿ | e.g. |
| ਅੱਖਾਂ | eyes | ਮੂੰਹ | mouth |
| ਕੰਨ | ear | ਨੱਕ | nose |
| ਬਾਹਾਂ | arms | ਗਰਦਨ | neck |
| ਲੱਤਾਂ | legs | ਪੇਟ | stomach |
| ਪੈਰ | feet | ਹੱਥ | hands |
| ਆਦਿ | etc. | ਜੀਭ | tongue |
| ਕੰਮ | function/work | ਹਰ | every |
| ਅਸੀਂ | we | ਆਪਣਾ ਆਪਣਾ | own |
| ਦੇਖਦਾ ਹਾਂ | see | ਆਪਣੀਆਂ | our |
| ਕਰਦੇ ਹਾਂ | do | ਪਰਕਾਰ | kinds |
| ਤੁਰਨ ਫਿਰਨ | walk | ਖਾਂਦੇ | eat |
| ਸੁੰਘਦੇ | smell | ਸੁਣਦੇ ਹਾਂ | hear |
| ਚੱਖਦੇ ਹਾਂ/ਸੁਆਦ ਲੈਣਾ | taste | ਦਿਮਾਗ਼ | brain |
| ਸੋਚਦੇ ਹਾਂ | think | ਲਈ | for |
| ਇਹ | this | ਬਹੁਤ | very |

SIKHBOOKCLUB.COM

| | | | |
|---|---|---|---|
| ਜ਼ਰੂਰੀ | important | ਇਸਦਾ | its/his/her |
| ਹਰ ਇੱਕ | everyone | ਕੰਮ ਕਰੇ | work |
| ਠੀਕ ਤਰ੍ਹਾਂ | properly | ਸਾਰਿਆਂ | all |
| ਜੇ | if | ਕੋਈ | any one |
| ਵਿੱਚੋਂ | from | ਹਟ ਜਾਵੇ | stop |
| ਚੰਗੀ ਤਰ੍ਹਾਂ | properly | ਅਯੋਗ | unable |
| ਤਾਂ | then | ਇਸ ਲਈ | therefore |
| ਹਰੇਕ | everyone | ਦੇਖ ਭਾਲ | look after |
| ਪੂਰੀ ਪੂਰੀ | full | ਬਹੁਤ ਜ਼ਰੂਰੀ | very important |
| ਸਫ਼ਾਈ | cleanliness | ਤੋਂ | from |
| ਤਾਂ ਕਿ | so that | ਕਸਰਤ ਕਰਨ ਨਾਲ | with exercise |
| ਬੀਮਾਰੀਆਂ | diseases | ਬਚਾਇਆ ਜਾ ਸਕੇ | could be saved |

SIKHBOOKCLUB.COM

## ਪਾਠ 7

# ਲਾਲਚੀ ਕੁੱਤਾ

| Panjabi | English | Panjabi | English |
|---|---|---|---|
| ਲਾਲਚੀ | greedy | ਸੀ | was |
| ਭੁੱਖਾ | hungry | ਇੱਧਰ | here |
| ਉੱਧਰ | there | ਭੋਜਨ | food |
| ਲਈ | for | ਗਿਆ | went |
| ਪਰ | but | ਕੁੱਝ ਵੀ ਨਾ | nothing |
| ਮਿਲਿਆ | found | ਦੁਕਾਨ | shop |
| ਪਹੁੰਚਿਆ/ਪੁਜਿਆ | reached | ਉੱਥੇ | there |
| ਮਾਸ | meat | ਟੁਕੜਾ | piece |
| ਚੋਰੀ | steal | ਦੌੜ ਗਿਆ | ran away |
| ਇਕੱਲੀ | lonely | ਥਾਂ | place |
| ਖਾਣ | eat | ਚਾਹੁੰਦਾ ਸੀ | wanted |
| ਰਸਤੇ | on the way | ਦਰਿਆ | river |
| ਪੁਲ | bridge | ਪਾਣੀ | water |
| ਪਰਛਾਵਾਂ | reflection | ਦੇਖਿਆ | saw |
| ਇੱਕ ਹੋਰ | another | ਨਜ਼ਰ ਆਇਆ | saw |
| ਭੌਂਕਣਾ | bark | ਸ਼ੁਰੂ ਕੀਤਾ | started |
| ਡਿਗਿਆ | fell | ਉਦਾਸ | sad |

SIKHBOOKCLUB.COM

## ਪਾਠ 8

# ਡਾਕੀਆ

| Panjabi | English | Panjabi | English |
|---|---|---|---|
| ਡਾਕੀਆ | postman | ਦਿਨ | day |
| ਸਵੇਰੇ | morning | ਤਸਵੀਰ | picture |
| ਉੱਠਣਾ ਪੈਂਦਾ ਹੈ | to get up | ਬਹੁਤ ਛੇਤੀ | very early |
| ਔਖਾ | hard | ਕੰਮ | work |
| ਚਿੱਠੀਆਂ | letter | ਤੋਹਫ਼ੇ | presents |
| ਲਿਆ ਕੇ ਦੇਣਾ | bring | ਵੱਡਿਆਂ | big |
| ਸ਼ਹਿਰਾਂ | cities | ਵਾਸਤੇ | for |
| ਵੰਡਣਾ | distribute | ਸੜਕ | road |
| ਕਿਸ | which | ਸਭ ਤੋਂ ਪਹਿਲਾਂ | first of all |
| ਵੱਡੇ | big | ਫੇਰ | then |
| ਅਨੁਸਾਰ | according to | ਛਾਂਟਦਾ ਹੈ | sorts out |
| ਦਰਵਾਜ਼ਾ | door | ਮੋਰੀ | hole |
| ਵਿੱਚੋਂ | through | ਸੁੱਟ ਦਿੰਦਾ ਹੈ | throws |
| ਨੌਕਰੀ | service/job | ਮੀਂਹ | rain |
| ਵੰਡਣਾ | deliver | ਭਰਿਆ ਹੋਇਆ | full |
| ਚੁੱਕਣਾ | carry | ਮੋਢੇ | shoulders |
| ਥੱਕ ਜਾਣਾ | to get tired | ਛੁੱਟੀਆਂ | holidays |
| ਰਿਸ਼ਤੇਦਾਰ | relatives | ਮਿੱਤਰ | friends |
| ਘਰਦੇ | members of the family | ਲਾਭਦਾਇਕ | useful |
| | | ਐਤਵਾਰ | Sunday |
| ਕੇਵਲ | only | ਛੇ | six |
| ਹਫ਼ਤਾ | week | ਭੇਜਦੇ ਹਨ | send |

SIKHBOOKCLUB.COM

# ਪਾਠ 9
# ਗੁਰਦਵਾਰਾ

| Panjabi | English |
|---|---|
| ਸਾਹਮਣੇ | in front of |
| ਇਮਾਰਤ | building |
| ਧਾਰਮਿਕ | religious |
| ਲੋਕ | people |
| ਪਾਠ | reading of the religious book |
| ਗੁਰੂ ਗ੍ਰੰਥ ਸਾਹਿਬ | religious book of Sikhs |
| ਸਲੋਕ | verses from Guru Granth Sahib |
| ਪਾਠੀ | the person who reads Guru Granth Sahib |
| ਸਾਫ਼ ਸੁਥਰੇ | neat and clean |
| ਰੋਕਿਆ ਨਹੀਂ ਜਾਂਦਾ | not forbidden |
| ਇਸਤਰੀ | woman |
| ਧਰਮ | religion |
| ਰੰਗ | colour |
| ਗੱਲਾਂ | things |

| Panjabi | English |
|---|---|
| ਵੱਡੀ | big |
| ਤੈਨੂੰ | you |
| ਅਸਥਾਨ | place |
| ਕਿਤਾਬ | book |
| ਕੀਰਤਨ | singing of religious hymns |
| ਸਨਮਾਨ | respect |
| ਪੜ੍ਹਨ | read |
| ਕਹਿੰਦੇ ਹਨ | called |
| ਹੱਥ | hands |
| ਮੂੰਹ | face/mouth |
| ਧੋਂਦਾ | washes |
| ਪਾਉਣੇ ਪੈਂਦੇ ਹਨ | has to wear |
| ਹਰ | every |
| ਪੁਰਸ਼ | man |
| ਪਾਰਟੀ | party |
| ਅੰਦਰ | inside |
| ਖ਼ਾਸ | special |
| ਪਹਿਲਾਂ | before |
| ਲਿਖਿਆ | written |

SIKHBOOKCLUB.COM

| | | | |
|---|---|---|---|
| ਧਿਆਨ | care | ਢੱਕ | cover |
| ਹੇਠ | below | ਪੱਗੜੀ | turban |
| ਸਿਰ | head | ਬੰਨ੍ਹੀ | tied |
| ਰੁਮਾਲ | handkerchief | ਠੀਕ ਹੈ | all right |
| ਚੁੰਨੀ | ladies head-cover | ਸਿਗਰਟਾਂ | cigarettes |
| ਤੰਬਾਕੂ | tobacco | ਖੋਲ੍ਹ ਕੇ | take off |
| ਜੁੱਤੀ | shoes | ਸ਼ਰਾਬ | liquor |
| ਜਾਂ | or | ਕਿਤੇ ਵੀ | anywhere |
| ਮੱਥਾ ਟੇਕਣਾ | bow | ਰਿਵਾਜ | custom |
| ਵੈਸੇ | otherwise | ਨਿਯਮ | rules |
| ਜਾਣਕਾਰੀ | knowledge | ਸਿਖਿਆ | learnt |
| ਧੰਨਵਾਦੀ | thankful | ਜਲਦੀ | quickly |

SIKHBOOKCLUB.COM

## ਪਾਠ 10
# ਚੂਹਿਆਂ ਦੀ ਮੀਟਿੰਗ

| Panjabi | English | Panjabi | English |
|---|---|---|---|
| ਚੂਹੇ | mice | ਪਿੰਡ | village |
| ਰਹਿੰਦੇ ਸੀ | lived | ਉੱਥੇ | there |
| ਬਿੱਲੀ | cat | ਹਰ ਰੋਜ਼ | everyday |
| ਤੰਗ | fed up | ਉਹਨਾਂ ਦੀ | their |
| ਘਟਦੀ | getting less | ਗਿਣਤੀ | number |
| ਗੱਲਾਂ ਕਰਨਾ | talk | ਸੋਚਣਾ | think |
| ਕੁਝ | some | ਸਿਆਣੇ | wise |
| ਸਿੱਟਾ | conclusion | ਮੀਟਿੰਗ ਬੁਲਾਉਣਾ | to call a meeting |
| ਆਖ਼ਰ | in the end | | |
| ਇਕੱਠੇ ਹੋਏ | gathered | ਵਿਚਾਰ | thoughts |
| ਪ੍ਰਗਟ ਕੀਤੇ | expressed | ਪਸੰਦ ਆਈ | liked |
| ਗਲ | neck | ਟੱਲੀ | bell |
| ਸੁਣ ਕੇ | having heard | ਬੰਨ੍ਹ | tie |
| ਖੁੱਡਾਂ | holes | ਵੜ ਜਾਣਾ | to go into |
| ਅਕਲਮੰਦ | wise | ਕੌਣ ਹੌਸਲਾ ਕਰੇਗਾ | who will dare |
| ਸੋਚਾਂ ਵਿੱਚ ਪੈ ਗਏ | began to think | ਜਾਰੀ ਹੀ ਸੀ | continuing |

SIKHBOOKCLUB.COM

## ਪਾਠ 11

# ਕਮਲਜੀਤ ਦਾ ਸਾਈਕਲ

| Panjabi | English | Panjabi | English |
|---|---|---|---|
| ਮੁੰਡਾ | boy | ਉਮਰ | age |
| ਚੌਦਾਂ | fourteen | ਸਾਲ | years |
| ਗਰਮੀ | hot/heat | ਸੂਰਜ | sun |
| ਚਮਕ ਰਿਹਾ ਹੈ | is shining | ਦੋਨੋਂ | both |
| ਜਦੋਂ ਚਾਹੇ | whenever he wants | ਖੜ੍ਹਾ ਕਰਨਾ | to stop |
| | | ਧਿਆਨ ਨਾਲ | with care |
| ਕਈ ਵਾਰੀ | many times | ਸਿਹਤ | health |
| ਬਹੁਤ ਚੰਗਾ | very good | ਸੌਖਾ ਨਹੀਂ | not easy |
| ਸਰਦੀਆਂ | winter | ਮੌਸਮ | weather |
| ਔਖਾ | difficult | ਖ਼ਾਸ ਕਰਕੇ | especially |
| ਸਰਦ ਦੇਸ਼ | cold countries | ਠੰਡ | cold |
| ਬਰਫ਼ | snow | ਸੱਟਾਂ | injuries |
| ਪੱਚੀ | twenty-five | ਵੀਹ | twenty |
| ਲੋਕੀ | people | ਜ਼ਿਆਦਾਤਰ | largely |
| ਅੱਜ-ਕੱਲ੍ਹ | these days | ਸਿਆਣੇ ਲੋਕ | old people |
| ਦੇਖੇ ਜਾਂਦੇ ਹਨ | are seen | ਖੇਡਣਾ | play |
| ਜੇਬਾਂ | pockets | ਰਜਾਈ | quilt |

SIKHBOOKCLUB.COM

## ਪਾਠ 12
# ਸ਼ੇਰ ਅਤੇ ਚੂਹੀ

| Panjabi | English | Panjabi | English |
|---|---|---|---|
| ਸ਼ੇਰ | lion | ਚੂਹੀ | Mouse |
| ਜੰਗਲ | forest | ਦਰੱਖ਼ਤ | tree |
| ਠੰਡੀ | cool | ਛਾਂ | Shade |
| ਸੁੱਤਾ ਪਿਆ ਸੀ | was sleeping | ਲਾਗੇ ਹੀ | nearby |
| ਬਾਹਰ ਨਿਕਲੀ | came out | ਸ਼ਰਾਰਤ | mischief |
| ਸੁੱਝੀ | thought | ਝੱਟ | at once |
| ਜਾਗ ਆ ਗਈ | woke up | ਕੁੱਝ ਨਾ ਕਿਹਾ | did not say anything |
| ਮਸਤੀ ਹੋਈ ਨਾ ਹਟੀ | did not stop | | |
| ਗ਼ੁੱਸਾ | angry | ਪੰਜੇ | paw |
| ਘੁੱਟ ਕੇ ਮਾਰਨਾ | to kill | ਗ਼ਲਤੀ | mistake |
| ਅਹਿਸਾਸ | felt | ਬਾਦਸ਼ਾਹ | king |
| ਰੋਣ ਲੱਗ ਪਈ | began to cry | ਭੁੱਲ | mistake |
| ਇਸ ਵਾਰੀ | this time | ਮੁਆਫ਼ ਕਰਨਾ | excuse |
| ਤਰਸ ਆ ਗਿਆ | took pity on | ਧੰਨਵਾਦ ਕੀਤਾ | thanked |
| ਦਿਲ | heart | ਮੌਕਾ | chance |
| ਰਹਿਮਦਿਲੀ | kindness | ਸ਼ਿਕਾਰੀ | hungry |
| ਬਦਲਾ ਚੁਕਾਉਣਾ | to pay back | ਪਿੱਛੋਂ | after |
| ਜਾਲ | net | ਫਸ ਗਿਆ | caught |
| ਛੁਡਾਣ ਲਈ | to get free | ਦਹਾੜਨਾ | roar |
| ਕੋਸ਼ਿਸ਼ ਕੀਤੀ | tried | ਆਵਾਜ਼ | voice |
| ਪਛਾਣ ਲਿਆ | recognised | ਪਰਿਵਾਰ | family |
| ਇਕੱਠਾ ਕੀਤਾ | collected | ਸਮੇਤ | with |
| ਤਿੱਖੇ | sharp | ਦੰਦ | teeth |
| ਬਚਾਇਆ | saved | | |

SIKHBOOKCLUB.COM

## ਪਾਠ 13

# ਗਰਮੀਆਂ ਦੀ ਰੁੱਤ

| Panjabi | English | Panjabi | English |
|---|---|---|---|
| ਗਰਮੀਆਂ | summer | ਰੁੱਤ | season |
| ਸੀ | was | ਬੱਚੇ | children |
| ਦਿਨ | day | ਘਰ | home |
| ਤੋਂ | from | ਬਾਹਰ ਰਹਿਣਾ | stay outside |
| ਖਾਣ ਪੀਣ | eating | ਭੁੱਲ ਜਾਣਾ | forget |
| ਸਮਾਂ | time | ਮਸਤ | busy |
| ਖੇਡਾਂ | games | ਲੋਕ | people |
| ਸਿਆਣੇ | old | ਗੱਲਾ ਕਰਨਾ | talk |
| ਇੱਕ ਦੂਜੇ ਨਾਲ | with one another | ਅਖ਼ਬਾਰਾਂ | news paper |
| ਖ਼ਬਰਾਂ | news | ਸੁਣਾਉਂਦੇ ਹਨ | tell |
| ਔਕੜਾਂ | difficulties | ਮਖ਼ੌਲ ਕਰਨਾ | joke |
| ਤਾਸ਼ ਖੇਡਣਾ | play cards | ਬਿਲਕੁਲ | at all |
| ਸਰਦੀਆਂ | winter | ਗਰਮੀ | hot |
| ਬੰਦ | shut | ਸਾਹਮਣੇ | in front of |
| ਸਾਡੇ | our | ਵੈਨ ਵਾਲਾ | van owner |
| ਖੜ੍ਹ ਗਈ | stopped | ਵਜਾਉਣੀਆਂ | began to ring |
| ਘੰਟੀਆਂ | bells | ਸ਼ੁਰੂ ਕੀਤੀਆਂ | |
| ਆਵਾਜ਼ ਸੁਣ ਕੇ | having heard | ਭੱਜਣ ਲੱਗੇ | began to run |
| ਆਂਢ ਗੁਆਂਢ | neighbours | ਦੌੜੇ | ran |
| ਵਿਚਾਲੇ ਛੱਡ ਕੇ | left in the middle | | |

SIKHBOOKCLUB.COM

# ਪਾਠ 14

# ਕੁਲਬੀਰ ਅਤੇ ਸੰਦੀਸ਼

| Panjabi | English | Panjabi | English |
|---|---|---|---|
| ਚੰਗੀ | good | ਇਸ ਲਈ | therefore |
| ਹਰ ਰੋਜ਼ | everyday | ਬਿਨਾਂ | without |
| ਸਾਢੇ ਛੇ | half past six | ਰਾਤ | night |
| ਸੁੱਤੀ ਉਠਦੀ ਹੈ | gets up | ਸਾਢੇ ਸੱਤ | half past seven |
| ਪੌਣੇ ਸੱਤ | quarter to seven | ਸਵੇਰੇ | morning |
| ਧੋ ਲੈਂਦੀ ਹੈ | washes | ਹੀ | yet |
| ਫੇਰ | then | ਨਾਲ | with |
| ਚਾਹ | tea | ਸੌਂ ਜਾਂਦਾ ਹੈ | sleeps |
| ਲਿਆ ਕੇ ਦੇਣਾ | bring | ਅਤੇ | and |
| ਪੀ ਕੇ | having taken | ਇਕੱਲੀ | alone |
| ਸੱਤ ਵਜੇ | seven o'clock | ਛੋਟਾ | younger |
| ਪੜ੍ਹਾਈ | study | ਭਰਾ | brother |
| ਉਮਰ | age | ਸਵਾ ਨੌਂ | quarter past nine |
| ਚੌਦਾਂ | fourteen | ਜਗਾਉਂਦੀ ਹੈ | wakes up |
| ਸਾਲ | years | ਕੰਮ ਕਰਦੇ ਹਨ | work |
| ਬਹੁਤ ਕੰਮ ਕਰਨਾ ਪੈਂਦਾ ਹੈ | has to work very hard | ਜਾਣ ਤੋਂ ਪਹਿਲਾਂ | before leaving |
| | | ਰੱਖੇ ਜਾਂਦੇ ਹਨ | leave |
| ਕਿਉਂਕਿ | because | ਦੋਨੋਂ | both |
| ਬਾਅਦ | after | ਘਰ ਤੋਂ | from home |
| ਨੌਕਰੀ | job | ਖਾਂਦੇ ਹਨ | eat |
| ਪਤਾ ਹੈ | knows | ਪੈਦਲ | on foot |
| ਅੱਜ-ਕੱਲ੍ਹ | these days | | |

SIKHBOOKCLUB.COM